# ਵਤਨੋਂ ਦੂਰ

ਅਗਸਤ 1979

WATNO DUR
AUG. '79
P.O.Box 67681 Stn.'O'
Vancouver, B.C. V5W 3V2



# LOYAL FURNITURE LTD.

## Offers Best Prices in Town

**On All Kinds of Household Furniture, Appliances & Carpets**

- WE SELL:
  Retail at Wholesale Prices
- WE GUARANTEE:
  Substantial Savings
  Satisfaction
  Friendly Service
- WE STAND FOR:
  Quality
  Excellence
  Best Prices

*Serving the Community Since 1974*

## SATISFACTION GUARANTEED

**LOYAL FURNITURE LTD.**
2707 Main (at 11th)

VISA

Ph. 879-8319
OPEN 7 DAYS A WEEK

# WATNO DUR

**P.O. Box 67681**
**Postal Stn. 'O'**
**Vancouver, B.C.**
**V5W 3V2**

Vol. 8, NO. 73 AUG. 79

2nd Class Mail Reg. No. 3233

| ANNUAL SUBSCRIPTION: | | |
|---|---|---|
| Canada-U.S.A. | | $ 7.00 |
| Other | SEA | $ 7.00 |
| Countries | AIR | $10.00 |



**EDITORIAL BOARD:**
Surinder Dhanjal, 252-6008 (Windsor)
Ajmer Rodey, 438-7793
Amarjit Chahal, 892-3085

**MANAGING EDITORS:**
Raghbir Mand, 325-9564
Paul Binning, 879-3339

**EDITOR:**
Sadhu, 437-9014

**ADVERTISING EDITOR:**
Karamjit Ghuman, 321-6081

**CIRCULATION EDITOR:**
Sarwan Boal, 437-0849

**WATNO DUR REPRESENTATIVES:**
Iqbal Ramuwalia, Toronto (741-7538)
Latt Bhinder, Edmonton (436-8279)
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)

Surinder Kaik..., 1036/3 Deep Nagar
Civil Lines, Ludhiana
Punjab, India

Jasbir Bath, 16 Avison Tower
Windsor St.
Liverpool — 8 (U.K.)

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*


ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

## ਇਸ ਅੰਕ ਵਿਚ:—


**ਕਵਿਤਾ:-**
ਹਰਜੀਤ ਦੌਧਰੀਆ, ਜਗਮੋਹਨ ਜੋਸ਼ੀ, ਸੁਰਜੀਤ ਰਾਮਪੁਰੀ, ਅਮਰਜੀਤ ਸੂਫ਼ੀ, ਦੇਵ ਰਾਉਕੇ, ਬਲਦੇਵ ਚੀਮਾ

**ਕਹਾਣੀਆਂ:-**
ਗੁਰਬਖ਼ਸ਼ ਦੋਸਾਂਝ, ਸਾਧੂ

**ਲੇਖ:-**
ਰਾਮ ਸਰੂਪ ਸਾਧੂ, ਉੱਜਲ ਦੋਸਾਂਝ, ਗੁਰਬਚਨ

**ਪੁਸਤਕ ਚਰਚਾ:-**
ਸੁਖਵੰਤ ਹੁੰਦਲ

**ਮੁੱਖ ਚਿੱਤਰ:-** ਅਜ਼ਾਦੀ

# ਉਲਟੀ ਗੰਗਾ

ਗੁਰਬਖਸ਼ ਦੋਸਾਂਝ ਇੰਗਲੈਂਡ

"ਜਾਹ ਬੇਟੇ ਜ਼ਰਾ ਕੁ ਹੀਟਰ ਤਾਂ ਤੇਜ਼ ਕਰ ਦੇਹ।" ਕੁਲਦੀਪ ਨੇ ਫਰਵਰੀ ਮਹੀਨੇ ਦੀ ਠੰਢ ਨਾਲ ਕੰਬਦਿਆਂ ਆਪਣੇ ਛੇ ਸਾਲ ਦੇ ਪੁੱਤਰ ਨੂੰ ਕਿਹਾ। ਬੱਚਾ ਅਜੇ ਆਪਣੇ ਥਾਂ ਤੋਂ ਹਿੱਲਿਆ ਵੀ ਨਹੀਂ ਸੀ ਕਿ ਰੇਸ਼ਮ ਸਿੰਘ - ਕੁਲਦੀਪ ਦਾ ਪਤੀ ਉਸ ਨੂੰ ਉਖੜੀ ਹੋਈ ਕੁੱਕੜੀ ਵਾਂਗ ਪਿਆ "ਕਿਉਂ ਤੈਨੂੰ ਬਹੁਤਾ ਕੰਬਰ ਪੈਂਦਾ ਆ? ਮੈਂ ਵੀ ਤਾਂ ਬੈਠਾ ਹੀ ਹਾਂ, ਕਿੱਲ ਤੇਰੇ ਕੁਲਜਾਣੇ ਬਲ੍ਹੇ ਨੇ ਤਰਨੈ?" ਬੱਚੇ ਨੇ ਹੈਰਾਨ ਹੋਕੇ ਪਿਉ ਵੱਲ ਦੇਖਿਆ, ਜਿਵੇਂ ਉਸ ਨੂੰ ਗੱਲ ਦੀ ਪੂਰੀ ਸਮਝ ਨਾ ਪਈ ਹੋਵੇ। ਮਾਸੂਮ ਖੇਡ 'ਚ ਮਸਤ ਹੋ ਗਿਆ। ਕੁਲਦੀਪ ਦੇ ਅੰਦਰ ਕੁੱਝ ਚੀਰ ਕੇ ਚੁੱਪ ਹੋ ਗਿਆ। ਪਤੀ ਦੇ ਕੌੜੇ ਲਫ਼ਜ਼ਾਂ ਨੂੰ ਉਹ ਕਾਹਲੀ-ਕਾਹਲੀ ਅੰਦਰ ਉਣ ਕੇ ਭੁਲਾਉਣ ਦਾ ਯਤਨ ਕਰਨ ਲੱਗੀ। ਪਿਓ ਦੀ ਯਾਦ ਨੇ ਉਸ ਨੂੰ ਤੜਫ਼ਾ ਦਿੱਤਾ, ਉਸ ਦੇ ਨਿਕਲਦੇ ਹਉਕੇ ਨੇ ਧਾਹ ਮਾਰੀ "ਬਾਪੂ ਆਪਣੀ ਲਾਡਲੀ ਨੂੰ ਗਲ਼ ਨਾਲ ਲਾ ਲੈ।" ਉਸ ਨੇ ਖਾਮੋਸ਼ ਨਜ਼ਰਾਂ ਨਾਲ ਪਤੀ ਵੱਲ ਇਵੇਂ ਤੱਕਿਆ ਜਿਵੇਂ ਕਹਿ ਰਹੀ ਹੋਵੇ "ਤੁਹਾਨੂੰ ਤਾਂ ਸੌਕਣ ਸ਼ਰਾਬ ਦਾ ਨਸ਼ਾ ਆ, ਮੈਂ ਕਿਹੜੇ ਆਸਰੇ ਜੀਵਾਂ?"

ਪਤੀ ਥੋੜ੍ਹਾ ਨਰਮ ਹੁੰਦਿਆਂ ਬੋਲਿਆ "ਕੁੜੀ ਕੋਈ ਚੱਜ ਦਾ ਕਪੜਾ ਪਾ ਲਵੇ। ਐਨ ਸਲ ਨੈ ਲਵੇ - ਸਾਡੀ ਬੇਬੇ ਨੇ ਕਦੇ ਸਿਰ ਤੋਂ ਚਾਦਰ ਨਹੀਂ ਸੀ ਲਾਹੀ ਤੇ ਨਾ ਕਦੀ ਵਿਹਲੀ ਬੈਠ ਕੇ ਅੱਗ ਸੇਕੀ ਸੀ। ਅੱਜ ਕੱਲ ਤਾਂ ਜ਼ਨਾਨੀਆਂ ਸਾਰ ਨਹੀਂ ਲੈਂਦੀ - ਆਪੇ ਗੋਰੇ ਖ਼ਸਮਾਂ ਨੂੰ ਜ਼ਾਹਿਰ ਨਹੀਂ ਕਰਦੇ। ਉਹ ਦੇਖੋ ਲਗਦੇ ਆ? ਜਿਵੇਂ ਕਿਸੇ ਦਾ ਜੀਅ ਕਰੇ ਕਰ ਲਵੇ - ਅਜ਼ਾਦ ਮੁਲਕ ਦਾ ਹੋਰ ਕੀ ਫੈਦਾ ਹੋਇਆ। ਚੱਲ ਤੂੰ ਸਾਲਣੇ ਰੋਟੀ ਪਕਾ ਲਿਆ ਕਰ, ਆਪਾਂ ਗੋਰੇ 'ਚ ਜਾ ਲੁਕਿਆਂ ਕਰਨਾ ਤੇ ਨਾਲੇ ਤੇਰਾ ਜੀਅ ਖੁਸ਼ ਕਰਿਆ ਕਰਾਂਗੇ.....।" ਕਹਿ ਕੇ ਉਹ ਮੀਸਣਾ ਜਿਹਾ ਹਾਸਾ ਹੱਸਿਆ। ਉਹ ਸੋਚ ਰਿਹਾ ਸੀ - ਨਾਲੇ ਪੁੰਨ ਨਾਲੇ ਫਲੀਆਂ। ਵੀਹਵੀਂ ਸਦੀ ਦੇ ਅਖੀਰ 'ਚ ਜੱਟ ਕੈਦੂਸ ਕਾਣੀਏ ਨੂੰ ਮਾਤ ਪਾ ਗਿਆ। ਕੁਲਦੀਪ ਟੱਸ ਤੋਂ ਮੱਸ ਨਾ ਹੋਈ - ਰਸੋਈ 'ਚ ਜਾਕੇ ਰੋਟੀ ਆਦਿ ਦੇ ਆਹਰੇ ਜਾ ਲੱਗੀ।

ਰੇਸ਼ਮ ਸਿੰਘ ਇਕ ਗਰੀਬ ਕਿਸਾਨ ਦਾ ਪੁੱਤਰ ਸੀ। ਉਸ ਦਾ ਪਿਉ ਤਾਂ ਛੋਟੇ ਹੁੰਦੇ ਦਾ ਹੀ ਚੱਲ ਵੱਸਿਆ ਸੀ, ਛੋਟਾ ਭਰਾ ਅਤੇ ਵਿਧਵਾ ਮਾਂ ਉਸ ਦੀ ਜ਼ਿੰਮੇਵਾਰੀ ਬਣ ਗਏ। ਜ਼ਮੀਨ ਤਾਂ ਜੱਟ ਦੀ ਪਸ਼ੂ ਬੰਨ੍ਹਣ ਜੋਗੀ ਵੀ ਨਹੀਂ ਸੀ - ਜਿਸ ਜਿਸ ਦਾ ਫਲਰੂਪ ਉਹ ਖਾਸ ਪੜ੍ਹ ਨਾ ਸਕਿਆ ਅਤੇ ਨਾ ਹੀ ਖੇਤੀ 'ਚ ਕਾਮਯਾਬ ਹੋ ਸਕਿਆ। ਜੇਕਰ ਠੇਕੇ ਤੇ ਲੈ ਕੇ ਵਾਹੁੰਦਾ ਤਾਂ ਬੜੀ ਮੁਸ਼ਕਲ ਨਾਲ ਠੇਕੇ ਦੇ ਪੈਸੇ ਹੀ ਉਤਰਦੇ, ਤੀਜੀ ਤੇ ਵਾਹੁੰਦਾ ਤਾਂ ਅੱਧ ਜ਼ਿਮੀਦਾਰ ਨੂੰ ਦੇਕੇ ਖਾਦਾਂ ਆਦਿ ਦਾ ਖਰਚ ਕੱਢ ਕੇ ਉਸ ਦੇ ਪੱਲੇ ਕਾਣੀ ਕੌਡੀ ਨਾ ਪੈਂਦੀ। ਭਰਾ ਨੂੰ ਵੀ ਸਤਵੀਂ 'ਚੋਂ ਹੀ ਹਟਾ ਕੇ ਉਸ ਨੇ ਨਾਲ ਕੰਮ ਤੇ ਲਾ ਲਿਆ ਜਿਸ ਦਾ ਹਾਲ ਉਸ ਦੇ ਪੀਲੇ ਬਸਤੇ ਵਰਗਾ ਹੋ ਗਿਆ ਸੀ ਜਿਸ ਨੂੰ ਉਸ ਨੇ ਨਿਆਣੀ ਉਮਰੇ ਹੀ ਜੋੜ ਲਿਆ ਸੀ - ਫਿਰ ਵੀ ਪੂਰੀਆਂ ਨਾ ਪਈਆਂ। ਭਾਵੇਂ ਕਿ ਉਹ ਇਕ ਸਿੱਧਾ ਦਿਲ ਇਨਸਾਨ ਸੀ ਪਰ ਕਿਸਮਤ ਨੂੰ ਕੋਸਣੋ ਉਸ ਤੋਂ ਰਿਹਾ ਨਾ ਜਾਂਦਾ ਅਤੇ ਕਦੀ ਕਦੀ ਗੁਣ-ਗੁਣਾ ਉੱਠਦਾ "ਜੱਟਾ ਤੇਰੀ ਜੂਨ ਬੁਰੀ ਹਲ ਵਾਹ ਪੱਠਿਆਂ ਨੂੰ ਜਾਂਦੇ।"

ਬਹੁਤੀ ਤੰਗੀ ਉਸ ਨੂੰ ਜ਼ਮੀਨ ਦੀ ਸੀ - ਕਈ ਵਾਰੀ ਖਿੱਝ ਉੱਠਦਾ ਕਿ ਕੁੱਝ ਲੋਕਾਂ ਕੋਲ ਤਾਂ ਪੂਰੇ ਪਿੰਡ ਜਿੰਨੀ ਜ਼ਮੀਨ ਸੀ ਅਤੇ ਕਈ ਉਸ ਵਰਗਿਆ ਕੋਲ ਵਾਹਣ ਜੋਗੇ ਵੀ ਚਾਰ ਸਿਆੜ ਨਹੀਂ ਸਨ। ਇਹ ਗੱਲ ਉਸ ਦੇ ਦਿਲ-ਦਿਮਾਗ 'ਚ ਘਰ ਕਰ ਗਈ। ਉਹ ਸੁੱਤਾ ਸੁੱਤਾ ਹੀ ਬੜ-ਬੜਾ ਉੱਠਦਾ। ਸੁਪਨਿਆਂ 'ਚ ਉਸ ਨੇ ਕਈ ਜ਼ਿਮੀਦਾਰਾਂ ਦੇ ਖੂਨ ਨਾਲ ਹੱਥ ਰੰਗੇ। ਕਈ ਵਾਰੀ ਉਹ ਵਹੀ ਖਾਤਾ ਲੈਕੇ ਉਹ ਇੱਕਲੇ-ਇੱਕਲੇ ਨੂੰ ਉਸ ਦੀ ਲੋੜ ਮੁਤਾਬਕ ਲਿਖ ਲਿਖ ਦੇਈ ਜਾਂਦਾ। ਉਹ ਸੋਚਦਾ ਕਿੰਨਾ ਚੰਗਾ ਹੁੰਦਾ ਜੇਕਰ ਧਰਤੀ ਮਾਂ ਆਪਣੇ ਪੁੱਤਰਾਂ ਨਾਲ ਵਿਤਕਰਾ ਨਾ ਕਰਦੀ। ਪਰ ਫਿਰ ਸੋਚਦਾ ਸ਼ਾਇਦ ਮਾਂ ਦਾ ਏਨਾ ਕਸੂਰ ਨਹੀਂ, ਜੇਕਰ ਪੁੱਤਰ ਹੀ ਥੋੜ੍ਹ ਖਿੱਝ ਨਾ ਕਰਨ ਤਾਂ ਸਾਰੇ ਪੇਟ ਭਰ ਕੇ ਰੋਟੀ ਖਾ ਸਕਦੇ ਹਨ।

ਉਨ੍ਹੀਂ ਦਿਨੀਂ ਕਿਸੇ ਦੋਸਤ ਕੋਲੋਂ ਸੱਤ ਹਜ਼ਾਰ 'ਚ ਵਾਊਚਰ ਲੈ ਕੇ ਅਤੇ ਕਿਰਾਇਆ ਵਧਾਰ ਲਾ ਕੇ ਉਹ ਇੰਗਲੈਂਡ ਆ ਗਿਆ। ਉਸ ਦਾ ਵਾਲ-ਵਾਲ ਕਰਜ਼ੇ 'ਚ ਗੱਡਿਆ ਗਿਆ। ਇੰਗਲੈਂਡ ਆਕੇ ਬਹੁਤ ਜਲਦੀ ਹੀ ਉਸ ਨੂੰ ਕੰਮ ਮਿਲ ਗਿਆ। ਓਵਰ-ਟਾਇਮ ਵੀ ਉਹ ਕਸਾਰ ਦੇ ਗੱਡੇ ਵਾਂਗ ਹੱਸ-ਹੱਸ ਕਰਦਾ। ਛੁੱਟੀ ਵਾਲੇ ਦਿਨ ਵੀ ਉਹ ਸਫਾਈ ਆਦਿ ਲਈ ਜਾ ਹਾਜ਼ਰ ਹੁੰਦਾ। ਵਿਆਜ ਉਸ ਦੇ ਦਿਮਾਗ 'ਚ ਖਲ-ਬਲੀ ਹੀ ਸੀ। ਕਿਸੇ ਭਾਈਬੰਦ ਦੀ ਸਲਾਹ ਨਾਲ ਉਸ ਨੇ ਫਰਜ਼ੀ ਪਤਨੀ ਅਤੇ ਬੱਚਿਆ ਦਾ ਕੋਡ ਨੰਬਰ ਬਣਦਾ ਗਿਆ। ਉਹ ਪੌਂਡੀ-ਪੌਂਡੀ ਜੋੜ ਕੇ ਭਰਾ ਨੂੰ ਬਲੈਕ ਭੇਜਦਾ ਰਿਹਾ। ਜਦੋਂ ਪੈਸੇ ਭੇਜਦਾ ਤਾਂ ਗੁੱਪਤ ਕੋਡ ਕੁੱਝ ਇਸ ਤਰ੍ਹਾਂ ਦੇ ਹੁੰਦੇ - ਦਸ ਕੈਪਸੂਲ (ਦਸ ਹਜ਼ਾਰ)

ਤੇਕ ਰਿਹਾ ਤਾਂ ਇਹ ਸਿਰਫ਼ ਵੱਡੀ ਬਿਮਾਰੀ ਵਾਸਤੇ ਵਰਤਦੇ। ਇਕ ਹਜ਼ਾਰ ਹੋਰ ਮਿਲੇਗੀ ਇਹ ਛੋਟੀ ਮੋਟੀ ਗਰਜ਼ ਵਾਸਤੇ ਵਰਤਣੀ। ਭਰਾ ਦੀਆਂ ਵੀ ਹੌਸਲਾ ਵਧਾਊ ਚਿੱਠੀਆਂ ਆਉਂਦੀਆਂ ਰਹੀਆਂ। ਕੁੱਝ ਸਾਲਾਂ 'ਚ ਉਸਨੇ ਕੁੱਝ ਨਕਦ ਇੱਕਠਾ ਕਰਕੇ ਨੌਂ ਕੁ ਘੁਮਾਂ ਜ਼ਮੀਨ ਖਰੀਦ ਲਈ - ਜਿਸ ਦਾ ਜੱਟ ਨੂੰ ਬਿਨ-ਪੀਤਿਓਂ ਹੀ ਨਸ਼ਾ ਚੜ੍ਹਿਆ ਰਹਿੰਦਾ।

ਹੁਣ ਉਸ ਦੀ ਉਮਰ ਦਾ ਖਿਆਲ ਕਰਕੇ ਯਾਰ ਦੋਸਤ ਛੇੜਦੇ "ਭਾਊ! ਵਿਆਹ ਵਿਚੂਰ ਕਰਦਾ ਹੈਂ, ਵੱਤ ਲੰਘ ਗਈ ਤਾਂ ਫਿਰ ਕਿਹੜੀ ਮਾਂ ਨੂੰ ਮਾਸੀ ਕਹੇਂਗਾ?" ਦੂਜਾ ਕਹਿੰਦਾ, ਇਹ ਤਾਂ ਘਰ ਤੋਂ ਡਰਦਾ ਕਿ ਦੂਜੇ ਵਾਲੀ ਆਈ ਤਾਂ ਹੱਥੋਂ ਪੱਕੀ ਛੁੱਟਣੀ ਪਊ, ਕਬੀਲਦਾਰੀ 'ਚ ਤਾਂ ਸਾਰੀਆਂ ਚੀਜ਼ਾਂ ਬਣਾਉਣੀਆਂ ਪੈਂਦੀਆਂ ਨੇ।" ਇਕ ਹੋਰ ਨੇ ਸੁਝਾ ਦਿੱਤਾ.... "ਚਾਚਾ ਆਉਂਦੀ ਨੂੰ ਹੀ ਕੰਮ ਤੇ ਕਾਰ ਸਾਰ ਦਈਂ ਨਾਲੇ ਰੋਟੀ ਪੱਕਦੀ ਹੋ ਜਾਊ ਨਾਲੇ ਰਜਾਈ ਨਿੱਘੀ ਕਰੂ।" ਰੇਸ਼ਮ ਸਿੰਘ ਉਪਰੋਂ ਖਿੱਝ ਕੇ ਪਿਆ - "ਓਹਰ ਉਏ ਵੱਡਿਆ ਬਕੂਰਾ! ਤੇਰੀ ਚੌਂਕੀ ਲਾਹੁੰਦਾ ਆਂ।" ਪਰ ਵਿਚੋਂ ਇਹ ਗੱਲ ਉਸ ਦੇ ਮਨ ਨੂੰ ਭਾ ਗਈ।

ਪਹਿਲੀ ਪਤਨੀ ਦੀ ਹਾਦਸੇ ਨਾਲ ਮੌਤ ਦਾ ਸਰਟੀਫਿਕੇਟ ਮੰਗਾ ਕੇ ਉਸ ਨੇ ਅਠਾਰਾਂ ਸਾਲ ਦੀ ਮੁਟਿਆਰ ਕੁਲਦੀਪ ਦੀ ਹਾਜ਼ਰੀ ਪਾ ਦਿੱਤੀ। ਥੋੜ੍ਹੇ ਚਿਰ 'ਚ ਕੁਲਦੀਪ ਆ ਗਈ ਜਿਸਨੂੰ ਤੋਲੇ ਰੱਖੇ ਤੋਂ ਦੋ ਚਾਰ ਭਾਈਵੰਦਾਂ ਨੂੰ ਨਾਲ ਲੈ ਕੇ ਉਸ ਨੇ ਘਰ ਹੀ ਵਿਆਹ ਕਰ ਲਿਆ। ਕੁਲਦੀਪ ਨੂੰ ਇਕ ਤਾਂ ਮਾਪਿਆਂ ਦੇ ਵਿਛੋੜੇ ਦਾ ਗਮ ਸੀ। ਦੂਜਾ ਵਿਆਹ ਹੋਣ ਬਾਰੇ ਹੈਰਾਨੀ ਸੀ ਕਿ ਇਹ ਕਿਸ ਤਰ੍ਹਾਂ ਦਾ ਵਿਆਹ ਸੀ ਕਿ ਨਾ ਵਾਜਾ ਵੱਜਿਆ ਨਾ ਸ਼ਹਿਨਾਈ - ਨਾ ਕਿਸੇ ਸ਼ਗਨ ਮਨਾਏ - ਬਸ ਕਿਸੇ ਦਸਤੂਰ ਵਾਂਗ ਕਿਸੇ ਦੀ ਹੋ ਗਈ। ਸੁਹਾਗ ਰਾਤ ਨੂੰ ਰਹਿੰਦੀ ਕਸਰ ਮੈਲ ਨਾਲ ਭਰੀ ਰਜਾਈ ਨੇ ਪੂਰੀ ਕਰ ਦਿੱਤੀ ਅਤੇ ਉਹ ਬਿਨ ਬਿਮਾਰੀਓਂ ਹੀ ਬਿਮਾਰ ਮਹਿਸੂਸ ਕਰਨ ਲੱਗੀ।

ਹਫ਼ਤੇ ਕੁ ਬਾਅਦ ਉਸ ਦੇ ਕੰਮ ਦਾ ਪ੍ਰਬੰਧ ਕਰ ਦਿੱਤਾ ਗਿਆ। ਖਰਚ ਵੱਧਣ ਦੀ ਥਾਂ ਸਗੋਂ ਆਮਦਨ ਵੱਧ ਗਈ। ਰੇਸ਼ਮ ਸਿੰਘ ਨੂੰ ਅੱਜ ਉਸ ਜਵਾਨ ਛੋਕਰੇ ਦੀ ਗੱਲ ਦੀ ਸਚਿਆਈ ਨੇ ਨਿਹਾਲ ਕਰ ਦਿੱਤਾ ਸੀ। ਕੁਲਦੀਪ ਬਹੁਤ ਤੰਗ ਪੈ ਗਈ ਸੀ। ਆਰਥਿਕ ਤੌਰ ਤੇ ਆਜ਼ਾਦ ਹੋ ਕੇ ਵੀ ਉਹ ਪਤੀ ਦੇ ਅਧੀਨ ਸੀ। ਉਸ ਨੂੰ ਪਾਈ ਪਾਈ ਦਾ ਹਿਸਾਬ ਪਤੀ ਨੂੰ ਦੇਣਾ ਪੈਂਦਾ। ਇਥੋਂ ਤੱਕ ਕਿ ਆਲੂ ਗੰਢੇ ਵੀ ਉਹ ਆਪ ਲਿਆ ਕੇ ਦਿੰਦਾ। ਘਰ 'ਚ ਹਰ ਗੱਲ ਦਾ ਧਿਆਨ ਰੱਖਦਾ। ਗੈਸ ਬਹੁਤਾ ਨਾ ਬਲੇ, ਕੋਈ ਬਲਬ ਐਵੇਂ ਨਾ ਜਗਦਾ ਰਹੇ। ਕਪੜੇ ਪਰੈਸ ਕਰਨੇ ਉਹ ਜ਼ਰੂਰੀ ਨਹੀਂ ਸੀ ਸਮਝਦਾ - ਕੋਈ ਪੈਂਟ ਦਬੈਂਗ ਪਰੈਸ ਕਰ ਲੈਂਦੀ ਹੀ ਕਾਹਦੀ ਸੀ। ਉਸ ਉਸ ਕੋਲ ਕਪੜੇ ਪਾਉਣ ਲਈ ਵਕਤ ਵੀ ਨਹੀਂ ਸੀ ਬਚਦਾ। ਫੈਕਟਰੀ 'ਚ ਕੁਲਦੀਪ ਸਾਦੇ ਜਿਹੇ ਪੰਜਾਬੀ ਸੂਟ ਨਾਲ ਕੰਮ ਤੇ ਜਾਂਦੀ, ਔਰਤਾਂ ਉਸ ਦੀ ਬਹੁਤੀ ਕਦਰ ਨਾ ਕਰਦੀਆਂ। ਕਈ ਉਸ ਦੇ ਮੂੰਹ ਤੇ ਅਤੇ ਕਈ ਪਿੱਠ ਪਿਛੇ ਕਹਿ ਜਾਂਦੀਆਂ "ਤੀਹ-ਪੈਂਤੀ ਪੌਂਡ ਕਮਾਉਂਦੀ ਏ ਅਤੇ ਰੱਖਦੀ ਪਤਾ ਨਹੀਂ ਕਿਹੜੀ ਬੈਂਕ 'ਚ ਆ?" ਉਹ ਭਾਂਤ ਭਾਂਤ ਦੀਆਂ ਗੱਲਾਂ ਕਰਦੀਆਂ -- "ਸਾਇਰਾਬਾਨੋ ਇਸ ਫਿਲਮ 'ਚ ਪਰੀਆਂ ਵਰਗੀ ਲਗਦੀ ਸੀ। ਹੁਣ ਪਜਾਮੇ ਦਾ ਫੈਸ਼ਨ ਨਹੀਂ ਰਿਹਾ, ਉਚਾ ਜੰਪਰ ਤੇ ਖੁੱਲੀ ਸਲਵਾਰ ਪਾਉਂਦੀਆਂ ਹਨ।"

ਕੋਈ ਕਹਿੰਦੀ.. "ਮੈਂ ਤੇ ਦੋ ਤੋਲੇ ਦੀਆਂ ਵੰਗਾਂ ਕਰਵਾਈਆਂ ਹਨ, ਹਲਕੀਆਂ ਤਾਂ ਬਹੁਤ ਛੇਤੀ ਵਿੰਗੀਆਂ ਹੋ ਜਾਂਦੀਆਂ ਹਨ।" ਇਸ ਤਰ੍ਹਾਂ ਦੇ ਬੋਲ ਕੁਲਦੀਪ ਦੇ ਕੰਨਾਂ 'ਚ ਗੂੰਜਦੇ ਰਹਿੰਦੇ। "ਅਸੀਂ ਅੱਜ ਡੇਢ ਸੌ ਦਾ ਫਰੀਜ਼ਰ ਲਿਐਂ। ਛੱਬੀ ਇੰਚ ਸਕਰੀਨ ਵਾਲਾ ਕਲਰ ਟੈਲੀਵਿਜ਼ਨ ਲਿਐਂ। ਸੈਂਟਰਲ ਹੀਟਿੰਗ ਦਾ ਸੌ ਪੌਂਡ ਬਿੱਲ ਆਇਆ...। ਮਿਲਨ ਵਾਲਿਆਂ ਦੇ ਸਾੜ੍ਹੀਆਂ ਦੀ ਸੇਲ ਲੱਗੀ ਹੋਈ ਏ....।" ਪਤਾ ਨਹੀਂ ਹੋਰ ਕਿੰਨੀਆਂ ਚੀਜ਼ਾਂ ਦੀ ਹਰ ਰੋਜ਼ ਚਰਚਾ ਹੁੰਦੀ। ਕੁਲਦੀਪ ਨੂੰ ਇਹ ਸਾਰੀਆਂ ਗੱਲਾਂ ਕਿਸੇ ਸੁਪਨਿਆਂ ਦੇ ਦੇਸ਼ ਦੀਆਂ ਲਗਦੀਆਂ।

ਇਕ ਵਾਰ ਰਾਜ ਬਹੁਤ ਬਿਮਾਰ ਹੋ ਗਿਆ। ਉਸ ਨੂੰ ਆਰਾਮ ਆਉਣ 'ਚ ਹੀ ਨਾ ਆਵੇ। ਕੁਲਦੀਪ ਬਹੁਤ ਪ੍ਰੇਸ਼ਾਨ ਹੋ ਉੱਠੀ - ਇਸ ਜਿਹੇ ਮਾਹੌਲ 'ਚ ਇਹੋ ਹੀ ਤਾਂ ਇਕੋ ਇਕ ਫੁੱਲ ਸੀ - ਜਿਸ ਦੇ ਆਸਰੇ ਉਹ ਦਿਨ ਕਟੀ ਕਰੀ ਜਾ ਰਹੀ ਸੀ। ਉਸ ਨੇ ਕਦੇ ਘੱਟ ਹੀ ਕਿਸੇ ਗੱਲ ਦੀ ਪਤੀ ਪਾਸ ਸ਼ਿਕਾਇਤ ਕੀਤੀ ਸੀ। ਇਸ ਵਾਰ ਉਸ ਤੋਂ ਰਿਹਾ ਨਾ ਗਿਆ ਉਸ ਨੇ ਜ਼ਬਾਨ ਦੀ ਉੱਚੀ ਲਾਊਣ ਦੀ ਹਿੰਮਤ ਕੀਤੀ... "ਮੁੰਡੇ ਦੀ ਛਾਤੀ ਜਕੜੀ ਘਰ 'ਚ ਰਹਿ ਕਰਕੇ ਜੁੜੀ ਪਈ ਹੈ, ਪੰਜਾਬੀ ਡਾਕਟਰ ਨੇ ਕਿਹਾ ਕਿ ਇਥੋਂ ਦਾ ਮੌਸਮ ਖਰਾਬ ਹੋਣ ਕਰਕੇ ਘਰ 'ਚ ਨਿੱਘ ਦਾ ਪੂਰਾ ਪੂਰਾ ਇੰਤਜ਼ਾਮ ਹੋਣਾ ਜ਼ਰੂਰੀ ਐ। ਲਾਇਦੇ ਤਾਂ ਅੱਜ ਕੱਲ ਕੋਈ ਗਿਆ ਗੁਜ਼ਰਿਆ ਵੀ ਨਹੀਂ ਪਾਉਂਦਾ। ਜੇ ਮੇਰੇ ਲਾਲ ਨੂੰ ਕੁੱਝ ਹੋ ਗਿਆ ਤਾਂ ਮੈਂ ਲੁੱਟੀ ਜਾਵਾਂਗੀ।"

ਰੇਸ਼ਮ ਸਿੰਘ ਆਪਣੀ ਹੀ ਫਿਲਾਸਫੀ 'ਚੋਂ ਬੋਲਿਆ "ਕੁੱਝ ਨਹੀਂ ਹੁੰਦਾ ਏਹਨੂੰ, ਸ਼ੇਰਾਂ ਦੇ ਪੁੱਤ ਇਹੋ ਜਿਹੀਆਂ ਨਿਕਾਰੀਆਂ ਗੱਲਾਂ ਦੀ ਪ੍ਰਵਾਹ ਨਹੀਂ ਕਰਿਆ ਕਰਦੇ। ਸ਼ਹਿਦ ਸੂਰਜ ਚਟਾਇਆ ਕਰ ਆਪੇ ਹੀ ਠੀਕ ਹੋ ਜਾਊ। ਇਥੇ ਆਪਣਾ ਲੋਕਾਂ ਦਾ ਕੀ ਆ? ਪਰਾਏ ਲੋਕਾਂ 'ਚ ਬਹੁਤਾ ਫਰਕ ਨਹੀਂ ਪੈਂਦਾ। ਪਿੰਡ ਇਸੇ ਤਰ੍ਹਾਂ ਚਾਹੀਦੀ ਐ।

ਇਥੇ ਸੁਹਣਾ ਘਰ ਲੈ ਲਉ, ਕਾਰਪਿਟਾਂ ਪਾ ਲਓ – ਫਿਰ ਵੀ ਕੋਈ ਅਹੁਰਾ ਚੰਗਾ ਨਹੀਂ ਕਹਿੰਦਾ। ਪਿਛੇ ਜਦੋਂ ਜੱਟ ਨੇ ਬਾਂਹ ਉੱਚੀ ਕਰਕੇ ਜ਼ਮੀਨ ਦੀ ਹੱਦ ਦੱਸੀ ਤਾਂ ਦੇਖਣ ਸੁਣਨ ਵਾਲੇ ਮੂੰਹ 'ਚ ਉਂਗਲਾਂ ਪਾਉਂਦਗੇ। ਸਾਰ ਕੇ ਸਰਦਾਰ ਜੀ, ਸਰਦਾਰ ਜੀ ਹਊ। ਛੂਕ ਛੂਕ ਕੇ ਸਲਾਮਾਂ ਹੋਣਗੀਆਂ। ਕੱਲ ਜਿਹੜੇ ਕਹਿੰਦੇ ਸੀ "ਉਏ ਰੇਲੂ ਜ਼ਮੀਨ ਤਾਂ ਮਿਲਣੀ ਏ ਜੇ ਪੈਸੇ ਠੋਕੇ ਦੇ ਪਹਿਲਾਂ ਦੇਣੇ ਆ ਤਾਂ।" ਉਨ੍ਹਾਂ ਮਾਂ ਦਿਆ...... ਨੂੰ ਪੈਰਾਂ ਤੇ ਡਿਗਿਆਂ ਨੂੰ ਵੀ ਜ਼ਮੀਨ ਨਹੀਂ ਦੇਣੀ – ਬੇਸ਼ਕ ਸਾਰੀ ਬਗੈਰ ਬੀਜਣੋਂ ਪਈ ਰਹੇ। ਕੈਲਰਾਂ ਘਰ ਦਾ ਗਲ ਸਮਝਿਆ ਹੋਇਆ ਸੀ। ਕੱਚੇ ਕੋਠੇ ਦੀ ਥਾਂ ਜੱਟ ਦੀ ਕੋਠੀ ਦਾ ਬੂਹਾ ਸੱਤਾਂ ਸੱਤਾਂ ਕੋਹਾਂ ਤੋਂ ਦਿਸੂ।" ਕਹਿ ਕੇ ਉਸ ਨੇ ਇਸ ਤਰ੍ਹਾਂ ਹਰਕਤ ਕੀਤੀ ਜਿਵੇਂ ਸੱਚੀਂ ਹੀ ਉਹ ਚਿੱਟਾ ਚਾਦਰਾ ਲਾਈ ਪਿੰਡ 'ਚ ਮੁੱਛਾਂ ਨੂੰ ਵੱਟ ਚਾੜ੍ਹਦਾ ਫਿਰ ਰਿਹਾ ਹੋਵੇ। ਤੇ ਉਸ ਦੀਆਂ ਅੱਖਾਂ ਇਸ ਖਾਬ ਖਿਆਲੀ ਨਾਲ ਚਮਕ ਉਠੀਆਂ।

ਪਤਨੀ ਨੂੰ ਜ਼ਾਹਿਰ ਇਨ੍ਹਾਂ ਗੱਲਾਂ ਨਾਲ ਕੋਈ ਵਾਸਤਾ ਨਹੀਂ ਸੀ। ਉਹ ਫਿਰ ਨਿਰਾਸ਼ਿਤ ਤਰੇ ਰੋਸ 'ਚ ਬੋਲੀ -- "ਮੈਂ ਪਿਛੇ ਦੀ ਸ਼ਾਨ ਸ਼ੌਕਤ ਨੂੰ ਚੱਟਣੈ' ਅੱਕੀ ਤਾਂ ਅੱਕ ਗਾਂ, ਸਬਰ ਦੀ ਕੋਈ ਹੱਦ ਹੋਣੀ ਚਾਹੀਦੀ ਐ। ਲੋਕਾਂ ਦੇ ਘਰੀਂ ਨਿੱਤ ਮੀਟ ਬਣਦੇ ਆ, ਸਾਡੇ ਕਰਮਾਂ 'ਚੋਂ ਖਸਮਾਂ ਨੂੰ ਖਾਣੇ ਮਸਰ ਹੀ ਨਹੀਂ ਮੁੱਕਣੇ। ਇਨ੍ਹਾਂ ਸੂਟਾਂ ਮੋਇਆਂ ਨੂੰ ਤਾਂ ਅੱਜ ਕੱਲ ਕੋਈ ਨਹੀਂ ਪੁੱਛਦਾ। ਛੁੱਟੀ ਵਾਲੇ ਦਿਨੀਂ ਲੋਕ ਹੌਲੀ-ਡੇ ਜਾਂਦੇ ਆ, ਅਸੀਂ ਖਬਰੇ ਸਾਰੀ ਫੈਕਟਰੀ ਦੇ ਕੰਮ ਨਬੇੜਨ ਦਾ ਠੇਕਾ ਲਿਆ ਹੋਇਐ? ਅਖੇ ਵੀਕ-ਐਂਡ ਤੇ [illegible] ਦਾ ਕੰਮ ਹੀ ਹੁੰਦਾ ਹੈ। ਮੈਂ ਪੁੱਛਦੀ ਜੇ ਕੇਵਲ ਇਹੋ ਜਿਹੀ ਜ਼ਿੰਦਗੀ ਹੀ ਜੀਊਣਾ ਸੀ ਤਾਂ ਫਿਰ ਇੰਡੀਆ 'ਚ ਹੀ ਕਿਸੇ ਨਾ ਖੇਤੀ ਕਰ ਲੈਂਦੇ, ਗੋਹਾ ਕੂੜਾ ਕਰਕੇ ਤਾਂ ਮਸਰਾਂ ਦੀ ਦਾਲ ਨਾਲ ਦੋ ਫੁਲਕੇ ਉਥੇ ਵੀ ਜੁੜ ਹੀ ਜਾਇਆ ਕਰਨੇ ਸਨ। ਹਿਰਸ ਤਾਂ ਦਿਨੋ ਦਿਨ ਵੱਧਦੀ ਹੀ ਜਾਂਦੀ ਏ, ਅਸੀਂ ਕਿਹੜਾ ਇਥੇ ਬੈਠੇ ਰਹਿਣੈ। ਇਕ ਦਿਨ ਭੂਰੇ 'ਚੋਂ ਆ – ਸਾਡੇ ਸਾਰੀ ਉਮਰ ਕੈਸ਼ ਆਏ ਨਹੀਂ ਮੁੱਕਣ ਲੱਗਾ। ਪਰ ਤੁਹਾਡੇ ਖਾਨੇ ਇਹ ਗੱਲ ਨਹੀਂ ਪੈਂਦੀ।" ਉਹ ਆਮ ਨਾਲੋਂ ਕਾਫ਼ੀ ਜੋਸ਼ 'ਚ ਉੱਚੀ ਉੱਚੀ ਬੋਲ ਰਹੀ ਸੀ।

ਰੇਸ਼ਮ ਸਿੰਘ ਤੇ ਇਨ੍ਹਾਂ ਗੱਲਾਂ ਦਾ ਖਾਸ ਅਸਰ ਨਾ ਹੋਇਆ। ਬੇਸ਼ਕ ਮੈਨੂੰ ਭੁੱਖਾ ਨਾ ਮਰਨਾ ਪਵੇ – ਮੈਂ ਇਕ ਵਾਰੀ ਉਨ੍ਹਾਂ ਵੱਡੇ ਚੌਧਰੀਆਂ ਨੂੰ ਦੱਸ ਦਊਂ ਕਿ ਰੇਲੂ ਜੱਟ ਨੂੰ ਕਿਸੇ ਜਣਨ ਵਾਲੀ ਮਾਂ ਨੇ ਜੰਮਿਆ ਏ, ਕਿਧਰੋਂ ਅਸਮਾਨੋਂ ਨਹੀਂ ਟਪਕਿਆ। ਜਿਸ ਨੂੰ ਅੱਜ ਤੱਕ ਉਨ੍ਹਾਂ ਇਕ ਮੁਜ਼ਾਰੇ ਤੋਂ ਵੱਧ ਕੁਝ ਨਹੀਂ ਸਮਝਿਆ।"

ਕੁਲਦੀਪ ਹਰ ਹੰਭ ਕੇ ਚੁੱਪ ਹੋ ਗਈ।

ਕਈ ਵਾਰੀ ਗਗਨ ਵੀ ਆਪਣੀਆਂ ਲੋੜਾਂ ਪਿਉ ਪਾਸ ਜ਼ਾਹਿਰ ਕਰਦਾ– "ਡੈਡੀ ਮੁੰਡੇ ਮੈਨੂੰ ਤੰਗ ਕਰਦੇ ਆ ਕਿ ਤੇਰੇ ਕਪੜੇ ਨਹੀਂ ਸੁਹਣੇ। ਟੈਲੀ ਤੇ ਸਿਕਸ ਮਿਲੀਅਨ ਡਾਲਰਮੈਨ .... ਚਾਰਲੀਜ਼ ਏਂਜਲਜ਼ .... ਕਾਰਟੂਨਾਂ ਦੀਆਂ ਗੱਲਾਂ ਕਰਕੇ ਸੁਣਾਉਂਦੇ ਆ। ਆਪਣੇ ਘਰ ਟੈਲੀ ਨਾ ਹੋਣ ਤੇ ਮੇਰਾ ਮਜ਼ਾਕ ਉਡਾਉਂਦੇ ਆ। ਐਂਡਰਿਉ ਕਹਿੰਦਾ ਸੀ ਕਿ ਮੰਮੀ ਕਹਿੰਦੀ ਆ "ਇੰਡੀਅਨ ਲੋਕ ਤਾਂ ਜਾਨਵਰ ਆ ਇਨ੍ਹਾਂ ਨੂੰ ਰਹਿਣ ਸਹਿਣ ਦਾ ਕੱਖ ਪਤਾ ਨਹੀਂ। ਮੇਰੇ ਬਰਥਡੇ ਤੇ ਪੁੱਛਦੇ ਸਨ ਕਿ ਮੈਨੂੰ ਕਿਹੜੇ ਪਰੈਜ਼ੈਂਟਸ ਮਿਲੇ ਹਨ? ਜਦੋਂ ਮੈਂ ਦੱਸਿਆ ਕਿ ਮੇਰੇ ਡੈਡੀ ਕਹਿੰਦੇ ਆ ਕਿ ਬਰਥਡੇ ਨਹੀਂ ਮਨਾਈਦਾ ਤਾਂ ਸਾਰੀ ਜਮਾਤ ਹੋਏ.. ਹੋਏ... ਕਰਨ ਲੱਗ ਪਈ। ਡੈਡੀ ਤੁਸੀਂ ਦੂਜਿਆਂ ਮੁੰਡਿਆਂ ਵਾਂਗ ਮੈਨੂੰ ਵੀ ਸਾਰੀਆਂ ਚੀਜ਼ਾਂ ਲੈ ਕੇ ਦਿਆ ਕਰੋ।" ਉਹ ਲਾਡ ਨਾਲ ਪਿਓ ਨੂੰ ਕਹਿੰਦਾ।

ਰੇਸ਼ਮ ਸਿੰਘ ਬੱਚੇ ਨੂੰ ਵੀ ਭਰਮਾਉਣ ਦਾ ਯਤਨ ਕਰਦਾ ..."ਮੈਂ ਆਪਣੇ ਪੁੱਤਰ ਨੂੰ ਇੰਡੀਆ 'ਚ ਬਹੁਤ ਵੱਡਾ ਫਾਰਮ ਲੈ ਦਿਊਂ, ਟਿਊਬਵੈੱਲ ਲੁਆ ਦੇਊਂ ਤੇ ਟਰੈਕਟਰ ਲੈ ਦੇਣੇ ਹਨ। ਰਾਣੀ ਦੀ ਕੋਠੀ ਵਰਗੀ ਕੋਠੀ ਬਣਵਾ ਦੇਣੀ ਐ। ਇਨ੍ਹਾਂ ਗੋਰਿਆਂ ਸਾਲਿਆਂ ਕੋਲ ਕਿਹੜਾ ਬੈਠੇ ਰਹਿਣੈ। ਕੁੱਤੇ ਭੌਂਕਦੇ ਆ ਤਾਂ ਭੌਂਕੀ ਜਾਣ ਦਿਆ ਕਰ।" ਮੁੰਡੇ ਨੂੰ ਕੁਝ ਚਿਰ ਲਈ ਤਾਂ ਖੁਸ਼ੀ ਹੋਈ ਪਰ ਝੱਟ ਹੀ ਕਹਿਣ ਲੱਗਾ, "ਮੈਂ ਨਹੀਂ ਉਥੇ ਜਾਣਾ, ਮਿੱਟੀ ਕਪੜੇ ਗੰਦੇ ਕਰ ਦਿੰਦੀ ਆ। ਮੱਖੀਆਂ ਬਹੁਤ ਆ, ਮੇਰਾ ਦੋਸਤ ਸਨੀ ਗਿਆ ਸੀ ਤਾਂ ਉਹ ਆ ਕੇ ਦੱਸਦਾ ਸੀ।"

ਇਸੇ ਤਰ੍ਹਾਂ ਦਿਨ ਬੀਤਦੇ ਗਏ। ਰੇਸ਼ਮ ਸਿੰਘ ਸੱਤੇ ਦਿਨ ਸੱਤ ਤੋਂ ਸੱਤ ਕੰਮ ਕਰਦਾ ਰਿਹਾ। ਕੁਲਦੀਪ ਉਦਾਸ – ਉਦਾਸ ਅੱਖਾਂ ਅਤੇ ਬੁੱਝੇ ਹੋਏ ਦਿਲ ਨਾਲ ਜ਼ਿੰਦਗੀ ਦੀ ਕਿਸ਼ਤੀ ਨੂੰ ਧੱਕਾ ਲਾਉਂਦੀ ਰਹੀ। ਗਗਨ ਵੀ ਅੱਧ-ਪਚੱਧੀ ਸੋਚ ਨਾਲ ਲੜਦਾ ਜੱਟ ਦੀ ਬਗਾਵਤ ਦਾ ਸਬੂਤ ਦਿੰਦਾ ਰਿਹਾ।

ਅਚਾਨਕ ਰੇਸ਼ਮ ਸਿੰਘ ਦੀ ਖਿਆਲੀ ਦੁਨੀਆਂ 'ਚ ਭੂਚਾਲ ਆ ਗਿਆ। ਉਹ ਵੱਡਾ ਸਾਰਾ ਫਾਰਮ, ਟਿਊਬਵੈੱਲ, ਟਰੈਕਟਰ ਅਤੇ ਕੋਠੀ ਉਸ ਦੇ ਮਨ ਦੀਆਂ ਅੱਖਾਂ ਅੱਗੇ ਗਰਕਣ ਲੱਗੇ। ਉਸ ਦੇ ਭਰਾ ਦੀ ਚਿੱਠੀ ਆਈ ਕਿ ਜਿਨ੍ਹਾਂ ਤੋਂ ਜ਼ਮੀਨ ਲਈ ਸੀ ਉਨ੍ਹਾਂ ਕੇਸ ਕਰ ਦਿੱਤੈ। ਰੇਸ਼ਮ ਸਿੰਘ ਤੋਂ ਮੁੱਕਦਮਾ ਲੜਨ ਲਈ ਹੋਰ ਪੈਸਿਆਂ ਦੀ ਮੰਗ ਕੀਤੀ ਸੀ। ਉਹ ਪੈਸੇ ਭੇਜਦਾ ਰਿਹਾ ਮੁੱਕਦਮਾ ਲੰਮਾ ਹੁੰਦਾ ਰਿਹਾ। ਜ਼ਮੀਨ ਦਾ ਮੁੱਕਦਮਾ ਖਤਮ ਹੋਇਆ ਤਾਂ ਗੌਰਮਿੰਟ ਨੂੰ ਸ਼ੱਕ ਪੈ ਗਿਆ ਕਿ ਪੈਸਾ ਬਲੈਕ ਆਉਂਦਾ। ਟੈਕਸ ਵਾਲੇ ਘਰ ਤੇ ਛਾਪਾ ਮਾਰ ਕੇ ਸਾਰੀਆਂ ਟੈਕਸ ਵਾਲੀਆਂ ਕਾਪੀਆਂ ਲੈ ਗਏ ਅਤੇ ਜ਼ਮੀਨ

ਲਾਰੇ ਦੀ ਪਰਵਾਹ ਕਰਨ ਲੱਗੇ ਕਿ ਪੈਸਾ ਕਿਥੋਂ ਆਇਆ ਅਤੇ ਇਹ ਟੈਕਸ ਦਾ ਮੁੱਕਦਮਾ... ਰੇਸ਼ਮ ਸਿੰਘ ਦੇ ਹੋਸ਼ ਹਵਾਸ ਉਡ ਗਏ। ਉਸ ਦਾ ਵਿਸ਼ਵਾਸ ਡੋਲਣ ਲੱਗਾ। ਉਹ ਰੱਜ ਕੇ ਨਸ਼ਾ ਪੀਂਦਾ ਪਰ ਪਹਿਲਾਂ ਵਾਂਗ ਉਸ ਨੂੰ ਨਸ਼ਾ ਨਾ ਚੜ੍ਹਦਾ। ਆਪਣੇ ਆਲੇ ਦੁਆਲੇ ਦੇ ਲੋਕਾਂ ਦੀ ਜ਼ਿੰਦਗੀ ਅਤੇ ਉਹਨਾਂ ਦੀਆਂ ਖੁਸ਼ੀਆਂ ਬਾਰੇ ਸੋਚਣ ਲੱਗਾ, ਗੋਰਿਆਂ ਦੀ ਬੇ-ਪਰਵਾਹ ਜ਼ਿੰਦਗੀ ਦੇ ਰਾਜ਼ ਸਮਝਣ ਦੀ ਕੋਸ਼ਿਸ਼ ਕਰਦਾ। ਕੁਲਦੀਪ ਦੀਆਂ ਗੱਲਾਂ ਉਸ ਦੇ ਦਿਮਾਗ 'ਚ ਚੱਕਰ ਲਾਉਣ ਲੱਗੀਆਂ – ਇਕ ਇਕ ਗੱਲ ਦੀ ਉਹ ਘੋਖ ਕਰਦਾ। ਉਸ ਦੀ ਨੀਂਦ ਹਰਾਮ ਹੋ ਗਈ। ਰਾਤਾਂ ਦੇ ਉਨੀਂਦਰਿਆਂ 'ਚ ਉਹ ਕੁਲਦੀਪ ਨਾਲ ਵਿਚਾਰ ਸਾਂਝੇ ਕਰਨੇ ਚਾਹੁੰਦਾ ਪਰ ਅਣਖ ਮੂੰਹ ਤੇ ਜੰਦਰਾ ਲਾਈ ਰੱਖਦੀ। ਉਹ ਪਹਿਲੀ ਵਾਰੀ ਜ਼ਿੰਦਗੀ 'ਚ ਫਿਕਰਮੰਦ ਲੱਗਾ ਸੀ।

ਇਕ ਦਿਨ ਉਹ ਰਾਜ ਲਈ ਦੋ ਕੁ ਪਿੱਤੇ ਖਰੀਦ ਲਿਆਇਆ ਰਾਜ ਨੂੰ ਤਾਂ ਮਨੋ ਜਿਵੇਂ ਕੋਈ ਖਜ਼ਾਨਾ ਲੱਭ ਪਿਆ ਹੋਵੇ। ਘਰ 'ਚ ਹੋਰ ਵੀ ਖਿੜੀਆਂ ਖਿੜੀਆਂ ਰੌਣਕਾਂ ਆਉਣ ਲੱਗੀਆਂ। ਕੁਲਦੀਪ ਅਤੇ ਰਾਜ ਦੀਆਂ ਨਜ਼ਰਾਂ 'ਚ ਖੁਸ਼ੀ ਪਰਤਣ ਲੱਗੀ। ਇਕ ਐਤਵਾਰ ਉਹ ਕੰਮ ਤੇ ਜਾਣ ਲਈ ਨਾ ਉਠਿਆ। ਕੁਲਦੀਪ ਨੂੰ ਫਿਕਰ ਹੋਇਆ ਕਿ ਕਿਧਰੇ ਬਿਮਾਰ ਹੀ ਨਾ ਹੋਵੇ। ਪਰ ਛੋਟੀ ਮੋਟੀ ਬਿਮਾਰੀ ਅੱਗੇ ਤਾਂ ਕਦੇ ਉਸ ਨੇ ਹਾਰ ਨਹੀਂ ਸੀ ਮੰਨੀ। ਉਹ ਬੈਡਰੂਮ 'ਚ ਗਈ। ਪਤੀ ਦੇ ਮੂੰਹ ਤੋਂ ਰਜ਼ਾਈ ਲਾਂਹਦੀ ਬੋਲੀ -- "ਉਠੋ, ਅੱਜ ਤੁਸੀਂ ਕੰਮ ਤੇ ਨਹੀਂ ਜਾਣਾ, ਲੇਟ ਹੋ ਰਹੇ ਹੋ?"

ਹਮੇਸ਼ਾ ਦੇ ਉਲਟ ਪਤੀ ਦੇ ਮੂੰਹੋਂ ਫੁੱਲ ਕਿਰੇ ..." ਛੱਡ ਪਰਾਂ ਪੈਸੇ ਜੋੜਕੇ ਕਿਹੜੇ ਨਾਲ ਜਾਣੇ ਆ। ਅੱਜ ਆਪਾਂ ਪਿਕਚਰ ਦਲੀਗ ਵੇਖਣ ਜਾਵਾਂਗੇ। ਕਹਿੰਦਿਆਂ ਉਸ ਨੇ ਕੁਲਦੀਪ ਨੂੰ ਆਪਣੇ ਵੱਲ ਖਿੱਚ ਲਿਆ।

ਕੁਲਦੀਪ ਨੂੰ ਹੈਰਾਨੀ ਹੋਈ -- ਉਲਟੀ ਗੰਗਾ ਕਿਵੇਂ ਵਹਿ ਗਈ ਸੀ।

## ਇਕ ਸੂਚਨਾ

ਪੰਜਾਬ ਕਲਚਰਲ ਐਸੋਸੀਏਸ਼ਨ ਤੇ ਸਰੀ ਆਰਟਸ ਕਲੱਬ ਦੀਆਂ ਭੰਗੜੇ ਦੀਆਂ ਟੀਮਾਂ ਵਲੋਂ ਸੂਚਨਾ ਦਿੱਤੀ ਜਾਂਦੀ ਹੈ ਕਿ ਉਹ ਇਸ ਸਾਲ ਵੈਨਕੂਵਰ P.N.E. ਪਰੇਡ ਵਿਚ ਭੰਗੜਾ ਪੇਸ਼ ਕਰ ਰਹੇ ਹਨ। ਕਮਿਊਨਿਟੀ ਦੇ ਇਸ ਸਾਂਝੇ ਕੰਮ ਵਿਚ ਜੇ ਕੋਈ ਸੱਜਣ ਜਾਂ ਸਭਾ-ਸੁਸਾਇਟੀ ਉਹਨਾਂ ਦੀ ਮਦਦ ਕਰ ਸਕਦੀ ਹੋਵੇ ਤਾਂ ਉਹ ਉਹਨਾਂ ਨਾਲ ਤਾਲ ਮੇਲ ਪੈਦਾ ਕਰੇ। ਫੋਨ ਨੰਬਰ:- 321-2029


RAJA'S Tandori Hut

— LICENSED —

Specializing in **CATERING**

- Indian Sweets and Canadian Food
- to weddings and small home parties and banquets
- Bar service available

**DINNER DAILY 5 — 10 P.M.**

COUPON
**15% OFF**
**LUNCH or DINNER**

**LUNCH — 11 a.m. — 3 p.m.**
MONDAY to FRIDAY

**7209 Main St. Vancouver** **PHONE: 325-5014**

# ਇਸ ਗੱਲ ਦਾ ਸਾਰੀ ਮਨੁੱਖਤਾ ਨਾਲ ਸਬੰਧ ਹੈ।

— ਰਾਮ ਸਰੂਪ ਜਾਖੂ*

ਵਿਗਿਆਨ ਅਤੇ ਟੈਕਨੋਲੋਜੀ ਦੇ ਲਗਾਤਾਰ ਤੇਜ਼ ਵਿਕਾਸ ਨਾਲ ਪੁਰਾਣੀਆਂ ਕਦਰਾਂ ਕੀਮਤਾਂ ਤੇ ਨਿਯਮ ਬਦਲ ਰਹੇ ਹਨ, ਅਤੇ ਬਦਲਣੇ ਚਾਹੀਦੇ ਵੀ ਹਨ। ਦੁਨੀਆਂ ਛੋਟੀ ਤੋਂ ਛੋਟੀ ਹੁੰਦੀ ਜਾ ਰਹੀ ਹੈ। ਰਸਮੀ ਤੌਰ ਤੇ ਇਹ ਸੋਚਿਆ ਜਾਂਦਾ ਸੀ ਕਿ ਕਿਸੇ ਵੀ ਦੇਸ਼ ਵਿਚ ਜੋ ਕੁੱਛ ਵੀ ਵਾਪਰ ਰਿਹਾ ਹੈ ਉਸ ਨਾਲ ਦੂਸਰੇ ਦੇਸ਼ ਦਾ ਕੋਈ ਸਬੰਧ ਨਹੀਂ। ਪਰੰਤੂ ਦੁਨੀਆਂ ਬਹੁਤ ਬਦਲ ਚੁੱਕੀ ਹੈ। ਇਕ ਦੇਸ਼ ਦੇ ਅੰਦਰ ਗੜਬੜੀ ਹੋਣਾਂ 'ਚ ਦੂਸਰੇ ਦੇਸ਼ ਰਾਹੀਂ ਰਾਜਨੀਤਕ ਦਖਲ-ਅੰਦਾਜ਼ੀ ਅਜ ਦੇ ਸਮੇਂ ਦਾ ਸੱਚ ਹੈ। ਇਹੀ ਸਚਾਈ ਆਰਥਿਕ ਅਤੇ ਸਮਾਜਿਕ ਮਾਮਲਿਆਂ 'ਚ ਵੀ ਦਿਸਦੀ ਹੈ।

ਇਸ ਲੇਖ ਵਿਚ ਮੈਂ ਉਹਨਾਂ ਕਾਰਨਾਂ ਤੇ ਵਿਸਥਾਰ ਨਾਲ ਵਿਚਾਰ ਕਰਾਂਗਾ ਜੋ ਸਾਨੂੰ ਇਹ ਮਹਿਸੂਸ ਕਰਨ ਲਈ ਮਜਬੂਰ ਕਰਦੇ ਹਨ ਕਿ ਜੋ ਕੁੱਛ ਵੀ ਵੱਖ ਵੱਖ ਦੇਸ਼ ਕਰ ਰਹੇ ਹਨ ਇਸ ਨਵੀਂ ਅੱਖਾਂ ਖੋਲ੍ਹ ਦੇਣ ਵਾਲੀ ਟੈਕਨੋਲੋਜੀ ਨੂੰ ਵਰਤ ਕੇ - ਜਿਸ ਨੂੰ ਬਾਹਰਲੇ ਪੁਲਾੜ ਦੀ ਟੈਕਨੋਲੋਜੀ ਕਹਿੰਦੇ ਹਨ - ਇਸ ਨਾਲ ਸਾਰੀ ਦੁਨੀਆਂ ਦੇ ਲੋਕਾਂ ਦਾ ਸਿੱਧਾ ਸਬੰਧ ਹੈ।

ਇਹ ਪੁਲਾੜ-ਯੁੱਗ ਅਕਤੂਬਰ 1957 'ਚ ਸ਼ੁਰੂ ਹੋਇਆ। ਜਦੋਂ ਰੂਸ ਨੇ ਆਪਣਾ ਪਹਿਲਾ 'ਸੈਟੇਲਾਈਟ' ਛੱਡਿਆ। ਥੋੜੇ ਹੀ ਚਿਰ ਬਾਅਦ ਅਮਰੀਕਾ ਨੇ ਵੀ ਇਹੋ ਕੁੱਛ ਕੀਤਾ। ਅੱਜ ਕਲ ਨਾ ਸਿਰਫ਼ ਰੂਸ ਅਤੇ ਅਮਰੀਕਾ ਹੀ ਬਾਹਰਲੇ ਪੁਲਾੜ 'ਚ ਸਰਗਰਮ ਹਨ ਸਗੋਂ ਯੂਰਪੀਅਨ, ਕੈਨੇਡੀਅਨ, ਆਸਟ੍ਰੇਲੀਅਨ, ਚੀਨੀ, ਜਪਾਨੀ, ਭਾਰਤੀ, ਬਰਾਜ਼ੀਲੀ ਅਤੇ ਅਰਜਨਟੀਨ ਵਾਲੇ ਇਹੋ ਕੁੱਛ ਕਰ ਰਹੇ ਹਨ। ਇਸ ਪੁਲਾੜ ਟੈਕਨੋਲੋਜੀ ਦਾ ਜਨਮ ਸ਼ਾਇਦ ਪੁਰਾਤਨ ਚੀਨੀ ਰਾਕਿਟ ਜਾਂ ਭਾਰਤੀ ਆਤਿਸ਼ਬਾਜ਼ੀ ਤੋਂ ਹੋਇਆ ਹੈ। ਦੁਨੀਆਂ ਦੇ ਦੂਸਰੇ ਯੁੱਧ ਵੇਲੇ ਜਰਮਨੀ ਵਿਚ ਹਿਟਲਰ ਦੇ ਸਮੇਂ ਦੂਰ ਦੂਰ ਜਾਣ ਤੇ 'ਫਲਾਈਂਗ-ਬੰਬ' (V-2) ਸੁੱਟਣ ਲਈ ਇਸਦਾ ਜ਼ਿਆਦਾ ਵਿਕਾਸ ਕੀਤਾ ਗਿਆ। ਦੁਨੀਆਂ ਦੀ ਦੂਸਰੀ ਜੰਗ ਤੋਂ ਬਾਅਦ ਜਰਮਨੀ ਦੇ ਇਸ ਵਿਦਿਆ ਦੇ ਮਾਹਿਰਾਂ ਨੂੰ ਅਮਰੀਕਾ ਅਤੇ ਰੂਸ ਨੇ ਮਿਲਾ ਕੇ ਉਤਸ਼ਾਹਿਤ ਕੀਤਾ ਤਾਂ ਜੋ ਹੋਰ ਤਾਕਤਵਰ ਅਤੇ ਖ਼ਤਰਨਾਕ ਹਥਿਆਰ ਬਣਾਏ ਜਾਣ ਜਿਵੇਂ "ਇੰਟਰਕੌਂਟੀਨੈਂਟਲ ਬਾਲਿਸਟਿਕ ਮਿਜ਼ਾਈਲ"। ਇਹਨਾਂ 'ਚੋਂ ਕੁੱਛ ਇਕ 'ਮਿਜ਼ਾਈਲਾਂ' ਨੇ ਵੱਖ ਵੱਖ ਕਿਸਮ ਦੀਆਂ ਮਸ਼ੀਨਾਂ ਨੂੰ ਧਰਤੀ ਦੇ ਆਕਰਸ਼ਣ ਤੋਂ ਪਰੇ ਧਰਤੀ ਦੇ 'ਆਰਬਿਟ' ਵਿਚ ਟਿਕਾਣ ਦੀ ਮਦਦ ਕੀਤੀ। ਵਿਗਿਆਨਕ ਤੌਰ ਤੇ ਕੋਈ ਵੀ ਚੀਜ਼ ਜੋ ਧਰਤੀ ਦੀ ਆਪਣੀ ਖਿੱਚ ਦੀ ਪਹੁੰਚ ਤੋਂ ਪਰੇ ਸੁੱਟੀ ਜਾਵੇ ਉਹ ਉਥੇ ਹੀ ਧਰਤੀ ਦੁਆਲੇ ਘੁੰਮਦੀ ਰਹਿੰਦੀ ਹੈ। ਇਸ ਤਰ੍ਹਾਂ ਭਾਰਤ ਦੀ ਪੁਰਾਤਨ ਮਿਥਿਹਾਸਕ ਕਹਾਣੀ ਵੀ ਸੱਚੀ ਲੱਗ ਸਕਦੀ ਹੈ ਕਿ ਭੀਮਸੈਨ ਨੇ - ਜਿਹੜਾ ਹੱਦੋਂ ਵੱਧ ਤਾਕਤਵਰ ਦੱਸਿਆ ਜਾਂਦਾ ਹੈ - ਮਹਾਂ ਭਾਰਤ ਦੀ ਲੜਾਈ ਸਮੇਂ ਜੋ ਹਾਥੀ ਅਸਮਾਨ ਵੱਲ ਸੁੱਟੇ ਸਨ ਅਜੇ ਵੀ ਧਰਤੀ ਦੁਆਲੇ ਘੁੰਮਦੇ ਹਨ। ਇਨ੍ਹਾਂ ਮਸ਼ੀਨਾਂ ਜਾਂ ਹੋਰ ਇਸ ਤਰ੍ਹਾਂ ਦੀਆਂ ਚੀਜ਼ਾਂ (OBJECTS) ਨੂੰ ਜਿਹੜੀਆਂ ਧਰਤੀ ਦੁਆਲੇ ਘੁੰਮਦੀਆਂ ਹਨ 'ਬਨਾਵਟੀ ਸੈਟੇਲਾਈਟ' ਕਹਿੰਦੇ ਹਨ ਅਤੇ ਇਹਦੇ ਮੁਕਾਬਲੇ ਚੰਦ ਕੁਦਰਤੀ ਸੈਟੇਲਾਈਟ ਹੈ।

ਇਹਨਾਂ ਬਨਾਵਟੀ ਮਸ਼ੀਨਾਂ (ਸੈਟੇਲਾਈਟਾਂ) ਦਾ [illegible] ਮਨੁੱਖਤਾ ਨੂੰ ਬਹੁਤ ਫਾਇਦਾ ਹੋਇਆ ਹੈ। ਮਿਸਾਲ ਵਜੋਂ ਟੈਲੀਕਮਿਊਨੀਕੇਸ਼ਨ ਦੇ ਖੇਤਰ 'ਚ, ਮੌਸਮ ਦਾ ਹਾਲ ਜਾਨਣ 'ਚ, ਧਰਤੀ 'ਚ ਛੁਪੇ ਅਨੇਕਾਂ ਪਦਾਰਥ ਲੱਭਣ 'ਚ, ਧਰਤੀ ਵਾਰੇ ਹੋਰ ਅਨੇਕਾਂ ਖੋਜਾਂ ਕਰਨ 'ਚ, ਦੂਸਰੀਆਂ ਦੁਨੀਆਂ (ਪਲੈਨਟਾਂ) ਨੂੰ ਜਾਨਣ ਬਾਰੇ, ਅਤੇ ਹੋਰ ਬਹੁਤ ਕੁੱਛ ਜਾਨਣ 'ਚ ਆਦਿ ਆਦਿ। ਇਹਨਾਂ ਬਨਾਵਟੀ ਸੈਟੇਲਾਈਟਾਂ ਦੀ ਬਹਿਸ ਵਿਚ ਪੈਣਾ ਇਸ ਲੇਖ ਦਾ ਮੰਤਵ ਨਹੀਂ ਪਰੰਤੂ ਫਿਰ ਵੀ ਸਾਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਇਹਨਾਂ ਬਨਾਵਟੀ ਸੈਟੇਲਾਈਟਾਂ ਦੀ ਮਦਦ ਨਾਲ ਅਸੀਂ ਉਹ ਕੰਮ ਕਰ ਸਕਦੇ ਹਾਂ ਜਿਹੜੇ ਪਹਿਲਾਂ ਅਸੰਭਵ ਸਨ ਜਾਂ ਕਰਨ ਲਈ ਬਹੁਤ ਮਹਿੰਗੇ ਸਨ, ਜਾਂ ਜਿਨ੍ਹਾਂ ਵਾਰੇ ਸਾਨੂੰ ਪਹਿਲਾਂ ਕੋਈ ਜਾਣਕਾਰੀ ਨਹੀਂ ਸੀ। ਅੱਜ ਦੀ ਦੁਨੀਆਂ ਵਿਚ ਤਕਨੀਕੀ ਵਿਕਾਸ (TECHNOLOGICAL DEVELOPMENTS) ਇਹਨਾਂ ਸੈਟੇਲਾਈਟਾਂ ਤੋਂ ਬਿਨਾਂ ਅਸੰਭਵ ਹੈ। ਪਰੰਤੂ ਦੂਸਰੀਆਂ "ਟੈਕਨੋਲੋਜੀ" ਦੀ ਤਰ੍ਹਾਂ ਸੈਟੇਲਾਈਟ ਟੈਕਨੋਲੋਜੀ ਦਾ ਵੀ ਹਾਨੀਕਾਰਕ ਅਤੇ ਖ਼ਤਰਨਾਕ ਪੱਖ ਹੈ। ਸੱਚ ਨੂੰ ਹੋਰ ਜ਼ਿਆਦਾ ਨਿਤਾਰਨ ਲਈ ਇਹ ਵੀ ਕਿਹਾ ਜਾ ਸਕਦਾ ਹੈ ਕਿ ਸੈਟੇਲਾਈਟ ਟੈਕਨੋਲੋਜੀ ਬਹੁਤ ਦੁਧੀਆ ਚੀਜ਼ ਹੈ। ਪਰੰਤੂ ਇਸ ਨੂੰ ਵਧੀਕ ਮਾਤਰਾ 'ਚ ਖ਼ਤਰਨਾਕ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਇਸ ਲਈ ਖੁਦ ਸੈਟੇਲਾਈਟ ਟੈਕਨੋਲੋਜੀ ਨਹੀਂ ਬਲਕਿ ਇਸਦਾ ਵਿਕਾਸ ਕਰਨ ਵਾਲੇ ਕਸੂਰਵਾਰ ਹਨ।

ਪੁਲਾੜ ਵਿਚ ਕੋਈ ਵੀ ਚੀਜ਼ ਖੜੀ ਨਹੀਂ ਅਤੇ ਬਨਾਵਟੀ ਸੈਟੇਲਾਈਟ ਆਪਣੇ ਆਪਣੇ ਰਾਹ ਉਤੇ ਧਰਤੀ ਦੁਆਲੇ ਘੁੰਮਦੇ ਹਨ। ਇਹ ਬਨਾਵਟੀ ਸੈਟੇਲਾਈਟ ਕੁੱਛ ਸਮਾਂ ਲਈ ਤਾਂ ਆਪਣੀ ਜਗ੍ਹਾ ਘੁੰਮਦੇ ਰਹਿਣਗੇ। ਅਗਰ ਇਹਨਾਂ

*Institute of Air and Space Law, McGill University.

ਨੂੰ ਹੋਰ ਜ਼ਿਆਦਾ ਉਚਾਈ 'ਚ ਆਸਮਾਨ ਵਲ ਜਾ ਧਕੇਲਿਆ ਗਿਆ ਤਾਂ ਆਪਣੇ ਆਪ ਮੁੜ ਧਰਤੀ ਉਤੇ ਆ ਡਿਗਣਗੇ। ਇਹਨਾਂ ਦਾ ਉਪਰ ਰਹਿਣਾ ਜ਼ਿਆਦਾਤਰ ਇਹਨਾਂ ਦੀ ਧਰਤੀ ਤੋਂ ਉਚਾਈ ਤੇ ਨਿਰਭਰ ਕਰਦਾ ਹੈ। ਜਿਹੜੇ ਧਰਤੀ ਦੇ ਨਜ਼ਦੀਕ ਹਨ ਉਹ ਦੂਜਿਆਂ ਨਾਲੋਂ ਪਹਿਲਾਂ ਧਰਤੀ ਤੇ ਆ ਡਿਗਣਗੇ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਜਦੋਂ ਇਕ ਵਾਰ ਕੋਈ ਚੀਜ਼ (OBJECT OR SATTELITE) ਧਰਤੀ ਦੇ ਪ੍ਰਭਾਵ 'ਚ ਦੁਬਾਰਾ ਦਾਖਲ ਹੁੰਦੀ ਹੈ ਤਾਂ ਇਸਦਾ ਬਹੁਤ ਹਿੱਸਾ ਸੜ ਜਾਂਦਾ ਹੈ। ਪਰ ਕੁੱਝ ਇਕ ਹਿੱਸੇ ਜੋ ਪੂਰੀ ਤਰ੍ਹਾਂ ਸੜਕੇ ਖਤਮ ਨਹੀਂ ਹੁੰਦੇ ਮੁੜ ਧਰਤੀ ਉਤੇ ਆਣ ਡਿਗਦੇ ਹਨ। ਅਤੇ ਇਹ ਧਰਤੀ ਉਤੇ ਕਿਸੇ ਵੀ ਜਗ੍ਹਾ ਡਿਗ ਸਕਦੇ ਹਨ ਜਿਵੇਂ ਜੰਗਲ, ਸੰਘਣੀ ਵਸੋਂ ਵਾਲੇ ਇਲਾਕੇ ਜਾਂ ਸਮੁੰਦਰ ਆਦਿ। ਇਸ ਤਰ੍ਹਾਂ ਬਨਾਵਟੀ (ਆਰਜ਼ੀ) ਤੌਰ ਤੇ ਛੱਡੀ ਹੋਈ ਕੋਈ ਵੀ ਚੀਜ਼ - ਜਦ ਦੁਬਾਰਾ ਧਰਤੀ ਦੀ ਖਿਚ ਵਿਚ ਦਾਖਲ ਹੁੰਦੀ ਹੈ ਤਾਂ ਇਸ ਨੂੰ ਕੰਟਰੋਲ ਕਰਨ ਵਾਲਿਆਂ ਦਾ ਇਸ ਤੇ ਕੋਈ ਜ਼ਿਆਦਾ ਕੰਟਰੋਲ ਨਹੀਂ ਰਹਿੰਦਾ। ਇਸ ਨੂੰ ਕੰਟਰੋਲ ਕਰਨ ਵਾਲੇ ਇਹ ਨਹੀਂ ਦਸ ਸਕਦੇ ਕਿ ਇਹ ਕਦੋਂ ਅਤੇ ਧਰਤੀ ਉਤੇ ਕਿਥੇ ਡਿਗੇਗੀ। ਅੱਜ ਕਲ ਤਕਰੀਬਨ ਪੰਜ ਹਜ਼ਾਰ ਦੇ ਕਰੀਬ ਇਸ ਤਰ੍ਹਾਂ ਦੀਆਂ ਚੀਜ਼ਾਂ (OBJECTS) ਇਸ ਧਰਤੀ ਦੁਆਲੇ ਘੁੰਮ-ਦੀਆਂ ਹਨ। ਰੂਸ ਦੇ ਕੋਸਮੋਸ - 954 ਅਤੇ ਅਮਰੀਕਨ ਸਕਾਈਲੈਬ ਦੀ ਤਰ੍ਹਾਂ ਇਹਨਾਂ ਵਿਚੋਂ ਬਹੁਤ ਸਾਰੇ ਥੋੜੇ ਬਹੁਤੇ ਵਕਫੇ ਨਾਲ ਧਰਤੀ ਦੀ ਸਤਿਹ ਉਤੇ ਆ ਡਿਗਣਗੇ।

ਜਨਵਰੀ 1978 'ਚ ਰੂਸ ਦਾ ਕੋਸਮੋਸ - 954 ਕੈਨੇਡਾ ਦੇ ਉੱਤਰੀ ਹਿੱਸੇ 'ਚ ਡਿਗਿਆ। ਇਸ ਵਿਚ ਨਿਊਕਲੀਅਰ ਰਿਐਕਟਰ ਹੋਣ ਕਰਕੇ ਇਸ ਦੇ ਡਿਗਣ ਵਾਲੇ ਬਹੁਤ ਦੂਰ ਤਕ ਰੇਡੀਅਮ ਨਾਲ ਪਲੀਤ ਸਨ। ਚੰਗੀ ਕਿਸਮਤ ਨਾਲ ਉਥੋਂ ਦੇ ਲੋਕਾਂ ਨੂੰ ਇਸ ਨਾਲ ਕੋਈ ਸਿੱਧਾ ਨੁਕਸਾਨ ਨਹੀਂ ਹੋਇਆ ਪਰ ਫਿਰ ਵੀ ਇਸ ਦੇ ਟੁਕੜਿਆਂ 'ਚ ਜੋ ਰੇਡੀਅਮ ਵਰਗੀ ਖਤਰਨਾਕ ਵਸਤੂ ਸੀ ਉਥੋਂ ਦੇ ਆਲੇ-ਦੁਆਲੇ ਜੰਗਲੀ ਜਾਨਵਰ ਜਾਂ ਲੋਕਾਂ ਤੇ ਅਸਰ ਕਰ ਸਕਦੀ ਸੀ। ਰੂਸ ਦਾ ਇਹ ਕੋਸਮੋਸ 954 ਅਗਰ ਕਿਸੇ ਸੰਘਣੀ ਵਸੋਂ ਵਾਲੇ ਸ਼ਹਿਰ ਜਾਂ ਪਿੰਡ ਉਪਰ ਡਿਗ ਪੈਂਦਾ ਤਾਂ ਇਸ ਨਾਲ ਜੋ ਨੁਕਸਾਨ ਹੋਣਾ ਸੀ ਉਸ ਦਾ ਅੰਦਾਜ਼ਾ ਲਗਾਉਣਾ ਕੋਈ ਮੁਸ਼ਕਲ ਨਹੀਂ। ਕੈਨੇਡੀਅਨ ਸਰਕਾਰ ਨੇ ਅਮਰੀਕਨ ਮਾਹਿਰਾਂ ਦੀ ਮਦਦ ਨਾਲ ਇਸ ਇਲਾਕੇ ਦੀ ਸਫਾਈ ਕੀਤੀ ਅਤੇ ਰੂਸ ਦੀ ਸਰਕਾਰ ਨੂੰ ਛੇਹ ਮਿਲੀਅਨ ਡਾਲਰ ਦਾ ਬਿੱਲ ਭੇਜਿਆ ਹੈ ਪਰ ਰੂਸ ਵਾਲੇ ਇਸ ਦੀ ਬਹੁਤੀ ਪਰਵਾਹ ਕਰਦੇ ਨਜ਼ਰ ਨਹੀਂ ਆਉਂਦੇ।

ਅਮਰੀਕਨ ਸਕਾਈਲੈਬ ਗਿਆਰਾਂ ਜੁਲਾਈ 1979 ਨੂੰ ਆਸ-ਟਰੇਲੀਆ ਮਹਾਂਦੀਪ ਵਿਚ, ਸਾਊਥ ਐਂਟਲੈਂਟਿਕ, ਸਮੁੰਦਰ ਵਿਚ ਡਿਗੀ ਅਤੇ ਇਸ ਦੇ ਤਕਰੀਬਨ ਇਕ ਹਜ਼ਾਰ ਦੇ ਕਰੀਬ ਟੁਕੜੇ ਸੈਂਕੜੇ ਮੀਲ ਦੂਰ ਹਿੰਦ ਮਹਾਂ ਸਾਗਰ ਵਿਚ ਜਾ ਕੇ ਡਿੱਗੇ। ਸਕਾਈਲੈਬ ਦੇ ਡਿਗਣ ਨਾਲ ਕੋਈ ਸਿੱਧਾ ਜਾਨੀ ਨੁਕਸਾਨ ਨਹੀਂ ਹੋਇਆ। ਪਰੰਤੂ ਇਸ ਦੇ ਡਿਗਣ ਦੇ ਡਰ ਨਾਲ ਇਕ ਆਦਮੀ ਆਸਟਰੇਲੀਆ ਵਿਚ ਮਰ ਗਿਆ। ਸਕਾਈਲੈਬ ਦੇ ਟੁਕੜੇ ਕਿਥੇ ਕਿਥੇ ਡਿਗੇ ਹਨ ਤੇ ਇਸ ਨਾਲ ਹੋਰ ਕੋਈ ਜਾਨੀ ਨੁਕਸਾਨ ਹੋਇਆ ਹੈ ਜਾਂ ਨਹੀਂ ਇਸ ਦੀ ਖੋਜ ਜਾਰੀ ਹੈ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਹਨੂੰ ਛੱਡਣ ਵਾਲਿਆਂ ਦਾ ਇਸ ਤੇ ਕੋਈ ਕੰਟਰੋਲ ਨਹੀਂ ਰਿਹਾ ਅਚਾਨਕ ਹੀ ਇਹ ਸਮੁੰਦਰ ਵਿਚ ਡਿਗ ਪਈ।

ਇਹਨਾਂ ਦੋ ਉਦਾਹਰਣਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਹਨ ਪਰ ਸਾਰੀਆਂ ਉਤੇ ਇਥੇ ਵਿਚਾਰ ਨਹੀਂ ਕੀਤਾ ਜਾ ਸਕਦਾ। ਫਿਰ ਵੀ ਮੈਂ ਕੁੱਝ ਇਕ ਜ਼ਰੂਰ ਦੱਸਣੀਆ ਚਾਹਾਂਗਾ। ਪੰਜ ਸਤੰਬਰ 1962 ਰੂਸ ਦੇ ਸਪੂਤਨੀਕ ਚਾਰ ਦਾ ਮਲਬਾ ਅਮਰੀਕਾ ਦੇ ਵਿਸਕੌਨਸਨ ਸੂਬੇ ਦੇ ਇਕ ਸ਼ਹਿਰ ਮੈਨੀ-ਟੋਵੋਕ ਦੀਆਂ ਗਲੀਆਂ 'ਚ ਮਿਲਿਆ। ਫਰਵਰੀ 1962 'ਚ ਅਮਰੀਕਾ ਦੇ "ਫਰੈਂਡਸ਼ਿਪ ਮਰਕਰੀ ਕੈਪਸੂਲ ਬੂਸਟਰ" ਦੇ ਕੁੱਝ ਹਿੱਸੇ ਅਫਰੀਕਾ 'ਚ ਡਿਗੇ। 1965 'ਚ ਰੂਸ ਦਾ ਸੈਟਲਾਈਟ ਕੋਸਮੋਸ -57 ਫਟਣ ਤੋਂ ਬਾਅਦ, 170 ਛੋਟੇ ਛੋਟੇ ਟੁਕੜਿਆਂ 'ਚ ਖਿੰਡਰ ਗਿਆ ਅਤੇ ਤਕਰੀਬਨ ਇਕ ਮਹੀਨਾ ਇਸਦੇ ਟੁਕੜੇ ਜ਼ਮੀਨ ਤੇ ਡਿਗਦੇ ਰਹੇ। ਸਭ ਤੋਂ ਧਿਆਨ ਯੋਗ ਗੱਲ ਤਾਂ ਇਹ ਹੈ ਕਿ ਇਸ ਧਰਤੀ ਉਤੇ ਕੋਈ ਵੀ ਜੀਵ ਕਿਸੇ ਵੀ ਜਗ੍ਹਾ ਤੇ ਕਿਸੇ ਵੀ ਸਮੇਂ ਇਹਨਾਂ ਬਨਾਵਟੀ ਸੈਟਲਾਈਟਾਂ ਦੇ ਡਿਗ ਰਹੇ ਟੁਕੜਿਆਂ ਨਾਲ ਜ਼ਖਮੀ ਹੋ ਸਕਦਾ ਹੈ। ਇਸ ਲਈ ਦੂਸਰੇ ਦੇਸ਼ ਜੋ ਕੁੱਝ ਵੀ ਕਰ ਰਹੇ ਹਨ ਉਸ ਵਲੋਂ ਕੋਈ ਆਪਣੀਆਂ ਅੱਖਾਂ ਅਤੇ ਕੰਨ ਬੰਦ ਨਹੀਂ ਕਰ ਸਕਦਾ। ਸਾਇੰਸਦਾਨਾਂ ਦੇ ਦਿੱਤੇ ਹੋਏ ਤੱਥੇ ਤੇ ਕੋਈ ਵੀ ਸ਼ੱਕ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਇਹਨਾਂ ਡਿਗ ਰਹੇ ਟੁਕੜਿਆਂ ਨਾਲ ਕਿਸੇ ਵੀ ਜੀਵ ਦੇ ਫੱਟੜ ਹੋਣ ਦੇ ਬਹੁਤ ਘੱਟ ਮੌਕੇ ਹਨ। ਬਿਲਕੁਲ ਕਸੂਰ-ਰਹਿਤ ਲੋਕਾਂ ਦੇ ਨੁਕਸਾਨ ਬਦਲੇ ਮੁਆਵਜ਼ਾ ਦੇਣ ਵਾਲੀ ਗਲ ਸਰਾਸਰ ਨਾ-ਮਨੁੱਖੀ ਜਾਪਦੀ ਹੈ। ਪੁਲਾੜ 'ਚ ਤਜਰਬੇ ਕਰਨ ਵਾਲਿਆਂ ਨੂੰ ਜਿਹੜੇ ਕਦੇ ਵੀ ਅੰਤਰਰਾਸ਼ਟਰੀ ਤੌਰ ਤੇ ਮਨਜ਼ੂਰ ਬਚਾਉ ਦੇ ਅਸੂਲ ਨਹੀਂ ਵਰਤਦੇ, ਲੋਕਾਂ ਨੂੰ (GUINEA PIGS) ਬਲੀ ਦਾ ਬਕਰਾ ਸਮਝਣਾ ਚਾਹੀਦਾ ਜਿਨ੍ਹਾਂ ਦੀ ਕੁੱਝ ਡਾਲਰਾਂ ਨਾਲ ਕਦੇ ਵੀ ਬਲੀ ਦਿੱਤੀ ਜਾ ਸਕਦੀ ਹੈ।

ਕਿੰਨੇ ਕੁ ਇਹਨਾਂ ਬਨਾਵਟੀ ਸੈਟਲਾਈਟਾਂ ਨੂੰ ਚਲਾਉਣ ਦੇ ਤਜਰਬੇ ਠੀਕ ਹੋਏ ਹਨ? ਕਿਤਨੇ ਕੁ ਇਸ ਤਰ੍ਹਾਂ ਦੇ ਐਕਸੀਡੈਂਟ ਹਨ ਜੋ ਮਨੁੱਖਤਾ ਲਈ ਨੁਕਸਾਨ ਦੇਹ ਵਸਤੂਆਂ ਧਰਤੀ ਦੁਆਲੇ ਫੈਲਾਉਂਦੇ ਹਨ? ਕਿੰਨੀ ਵਾਰ ਧਰਤੀ ਦਾ

ਅਧੋਰਣਾ ਪਸੰਦ ਹੋਇਆ ਹੈ? ਕਿਸੇ ਨੂੰ ਵੀ ਪੂਰਾ ਪਤਾ ਨਹੀਂ ਕਿਉਂਕਿ ਇਸ ਤਰ੍ਹਾਂ ਦੀ ਹਰ ਇਕ ਚੀਜ਼ ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ ਰਾਹੀਂ ਆਮ ਲੋਕਾਂ ਤੋਂ ਲੁਕਾ ਕੇ ਰੱਖੀ ਜਾਂਦੀ ਹੈ। ਇਹਨਾਂ ਸੈਟੇਲਾਈਟਾਂ ਵਿਚ ਇਕ ਬਹੁਤ ਖਤਰਨਾਕ ਕਿਸਮ ਦਾ ਤੇਲ (RADIO ACTIVE MATERIAL) ਜਿਸਨੂੰ 'ਨਿਊਕਲੀਅਰ ਫਿਊਲ' ਕਹਿੰਦੇ ਹਨ ਵਰਤਿਆ ਜਾਂਦਾ ਹੈ ਅਤੇ ਇਸ ਦੀ ਵਰਤੋਂ ਉਪਰ ਕੋਈ ਵੀ ਅੰਤਰ-ਰਾਸ਼ਟਰੀ ਬੰਦਸ਼ ਜਾਂ ਕਨੂੰਨ ਨਹੀਂ।

ਬਹੁਤ ਸਾਰੇ ਮੁਲਕਾਂ ਨੇ ਜਿਨ੍ਹਾਂ ਵਿਚ ਰੂਸ ਅਤੇ ਅਮਰੀਕਾ ਵੀ ਸ਼ਾਮਲ ਹੈ ਇਕ ਸੰਧੀ ਕੀਤੀ ਹੈ ਕਿ ਬਾਹਰਲੇ ਪੁਲਾੜ (OUTER SPACE) ਨੂੰ ਸਿਰਫ ਸ਼ਾਂਤਮਈ ਕੰਮਾਂ ਲਈ ਹੀ ਵਰਤਿਆ ਜਾਣਾ ਚਾਹੀਦਾ ਹੈ, ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਇਸ ਤਰ੍ਹਾਂ ਦੀਆਂ ਸੰਧੀਆਂ ਨਾਲ ਸਾਰੀ ਮਨੁੱਖਤਾ ਨੂੰ ਧੋਖਾ ਦਿੱਤਾ ਜਾ ਰਿਹਾ ਹੈ। ਕਰੋੜਾਂ ਡਾਲਰ ਹਵਾਈ ਹਥਿਆਰਾਂ (SPACE WEAPONS LIKE LASERS AND KILLER SATTELITES) ਨੂੰ ਉਨਤ ਅਤੇ ਟੈਸਟ ਕਰਨ ਉਪਰ ਖਰਚੇ ਜਾਂਦੇ ਹਨ। ਇਹ ਵੀ ਰੂਸ ਅਤੇ ਅਮਰੀਕਾ ਹੀ ਕਰ ਰਿਹਾ ਹੈ। ਜੇ ਇਹਨਾਂ ਦੋਹਾਂ ਮੁਲਕਾਂ ਦਰਮਿਆਨ ਲੜਾਈ ਛਿੜ ਜਾਵੇ ਤਾਂ ਹਵਾਈ ਹਥਿਆਰਾਂ (SPACE WEAPONS) ਦੀ ਜ਼ਰੂਰ ਵਰਤੋਂ ਹੋਵੇਗੀ ਅਤੇ ਧਰਤੀ ਤੇ ਵੱਸ ਰਹੇ ਹਰ ਇਕ ਜੀਵ ਨੂੰ ਇਸ ਦਾ ਖਤਰਾ ਹੋਵੇਗਾ। ਬਾਹਰਲੇ ਪੁਲਾੜ (OUTER SPACE) ਦੀ ਵਰਤੋਂ ਦਾ ਐਲਾਨ ਸਾਰੀ ਦੁਨੀਆਂ ਦਾ ਭਲਾ ਕਰਨ ਲਈ ਕੀਤਾ ਜਾ ਚੁੱਕਾ ਹੈ ਪਰੰਤੂ ਇਸ ਬਾਹਰਲੀ ਦੁਨੀਆਂ ਉਤੇ ਇਕੋ ਇਕ ਅਧਿਕਾਰ (MONOPOLY) ਸਿਰਫ ਰੂਸ ਅਤੇ ਅਮਰੀਕਾ ਦਾ ਹੀ ਬਣ ਗਿਆ ਹੈ। ਜੇ ਬਾਹਰਲੀ ਪੁਲਾੜ ਤੇ ਇਸ ਧਰਤੀ ਤੇ ਰਹਿ ਰਹੇ ਹਰ ਇਕ ਜੀਵ ਦਾ ਅਧਿਕਾਰ ਹੈ ਤਾਂ ਸਿਰਫ ਅਮਰੀਕਾ ਅਤੇ ਰੂਸ ਹੀ ਕਿਉਂ ਆਪਣਾ ਅਧਿਕਾਰ ਜਮਾਈ ਬੈਠੇ ਹਨ? ਪੁਲਾੜ (TECHNOLOGY) ਦਾ ਖਤਰਾ (SPACE TECHNOLOGY) ਦੂਸਰੀਆਂ ਤਬਾਹੀਆਂ ਜਿਵੇਂ NUCLEAR FALL-OUT ਪਾਣੀ ਅਤੇ ਹਵਾ ਦਾ ਰੇਡੀਅਮ ਨਾਲ ਪਲੀਤ ਹੋਣਾ ਆਦਿ ਆਦਿ ਨਾਲ ਮਿਲ ਕੇ ਮਨੁੱਖਤਾ ਦੇ ਜੀਉਣ ਦੇ ਮੌਕੇ ਘਟਾ ਰਿਹਾ ਹੈ। ਅਜ ਸ਼ਾਇਦ ਇਹ ਗੱਲ ਇੰਨੀ ਡਰਾਉਣੀ ਨਹੀਂ ਪਰ ਆਉਣ ਵਾਲੇ ਸਮੇਂ ਵਿਚ ਇਕ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਇਸ ਲਈ ਇਸ ਗ੍ਰਹਿ (ਧਰਤੀ) ਉਤੇ ਰਹਿ ਰਹੇ ਹਰ ਜੀਵ ਨੂੰ ਚੁਸਤ ਅਤੇ ਚੇਤੰਨ ਰਹਿਣ ਦੀ ਲੋੜ ਹੈ ਕਿਉਂਕਿ ਇਹ ਉਸ ਦੇ ਜੀਉਂਦੇ ਰਹਿਣ ਦਾ ਸਵਾਲ ਹੈ। ਧਰਤੀ ਦੇ ਹਰ ਇਕ ਹਿੱਸੇ 'ਚ ਰਹਿ ਰਹੇ ਲੋਕਾਂ ਨੂੰ ਮਾਡਰਨ ਟੈਕਨੋਲੋਜੀ ਦੇ ਵੱਧ ਰਹੇ ਗਲਤ ਅਸਰ ਬਾਰੇ ਪੁੱਛ ਗਿੱਛ ਕਰਨੀ ਚਾਹੀਦੀ ਹੈ। ਭਾਵੇਂ ਇਸ ਤਕਨੀਕ ਨੂੰ ਵਧਾਉਣ ਵਾਲੀਆਂ ਸਰਕਾਰਾਂ ਸਾਡਾ ਕੁੱਝ ਜ਼ਾਹਿਰ ਕਰਨ ਤੋਂ ਕੰਨੀ ਕਤਰਾਉਂਦੀਆਂ ਹਨ। ਆਮ ਤੌਰ ਤੇ ਆਪਣਾ ਹੀ ਉੱਲੂ ਸਿੱਧਾ ਕਰਨ ਲਈ ਸਿਆਸਤਦਾਨ ਬਿਨਾਂ ਕਿਸੇ ਬਚਾਅ ਅਸੂਲਾਂ ਦਾ ਧਿਆਨ ਰੱਖੇ ਜਾਂ ਬਿਨਾਂ ਅੰਤਰ-ਰਾਸ਼ਟਰੀ ਬੰਦਸ਼ ਤੇ ਅਸੂਲਾਂ ਦੀ ਉਡੀਕ ਕੀਤੇ ਇਸ ਤਰ੍ਹਾਂ ਦੀਆਂ ਖਤਰਨਾਕ ਕਾਰਵਾਈਆਂ ਨੂੰ ਵਧਾ ਰਹੇ ਹਨ ਅਤੇ ਹਰ ਇਕ ਜਗ੍ਹਾ ਹਰ ਇਕ ਪ੍ਰਾਣੀ ਨੂੰ ਖਤਰੇ 'ਚ ਪਾ ਰਹੇ ਹਨ। ਕੁੱਝ ਇਕ ਸਰਕਾਰਾਂ ਬਿਨਾਂ ਕਿਸੇ ਅਸੂਲਾਂ ਦੇ ਇਸ ਤਕਨੀਕ ਨੂੰ ਵਧਾਉਣ ਦੀਆਂ ਨੀਤੀਆਂ ਅਪਣਾ ਰਹੀਆਂ ਹਨ। ਉਹ ਇਸ ਤਰ੍ਹਾਂ ਦੇ ਅਸੂਲਾਂ ਨੂੰ ਤਕਨੀਕ ਦੇ ਵਧਣ 'ਚ ਰੁਕਾਵਟਾਂ ਸਮਝਦੀਆਂ ਹਨ। ਮੈਂ ਸਮਝਦਾ ਹਾਂ ਕਿ ਟੈਕਨੋਲੋਜੀ ਮਨੁੱਖਤਾ ਵਾਸਤੇ ਹੈ ਨਾ ਕਿ ਮਨੁੱਖਤਾ ਟੈਕਨੋਲੋਜੀ ਵਾਸਤੇ। ਟੈਕਨੋਲੋਜੀ ਨੂੰ ਇਤਨਾ ਨਾ ਵਧਣ ਦਿਉ ਜਿਵੇਂ ਕਿ ਇਸਦਾ ਫਾਇਦਾ ਲੈਣ ਲਈ ਮਨੁੱਖਤਾ ਹੀ ਨਾ ਰਹੇ। ਇਸ 'SPACE AGE TECHNOLOGY' ਦੇ ਖਤਰਨਾਕ ਵਿਕਾਸ ਤੋਂ ਬਚਕੇ ਜੀਉਣ ਦਾ ਸਿਰਫ ਇਕੋ ਹੀ ਇਕ ਤਰੀਕਾ ਹੈ ਕਿ ਆਪਣੇ ਆਪ ਨੂੰ ਇਸਦੇ ਫੈਸਲਾ ਕਰਨ ਵਾਲਿਆਂ 'ਚ ਸ਼ਾਮਿਲ ਕਰੋ। ਅੰਤਰ-ਰਾਸ਼ਟਰੀ ਕਾਨੂੰਨਾਂ 'ਚ ਅਖੀਰ ਇਹ ਸਾਰੀ ਦੁਨੀਆਂ ਦੇ ਲੋਕਾਂ ਦੀ ਆਮ ਰਾਏ ਹੀ ਭਾਰੂ ਹੁੰਦੀ ਹੈ। ਇਸ ਧਰਤੀ ਤੇ ਰਹਿੰਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਪੂਰਬ-ਪੱਛਮ ਉੱਤਰ-ਦੱਖਣ ਦੇ ਵਿਚਾਰ-ਧਾਰਕ ਫਰਕਾਂ ਨੂੰ ਭੁਲਾ ਕੇ ਇਕੱਠੇ ਹੋਣ ਅਤੇ ਆਪਣੇ ਰਾਜਨੀਤਕਾਂ (POLITICIANS) ਤੇ ਕਾਨੂੰਨ ਬਣਾਉਣ ਵਾਲਿਆਂ ਨੂੰ ਇਸ ਗੱਲ ਲਈ ਪ੍ਰਭਾਵਿਤ ਕਰਨ ਕਿ ਉਹ ਇਸ ਖਤਰਨਾਕ ਤਕਨੀਕ ਬਾਰੇ ਕੋਈ ਅੰਤਰ-ਰਾਸ਼ਟਰੀ ਅਸੂਲ ਜਾਂ ਬੰਦਸ਼ ਕਾਇਮ ਕਰਨ। ਸਭ ਤੋਂ ਵੱਧ ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਅਗਰ ਕਿਸੇ ਦੂਸਰੇ ਦੀ ਹਰਕਤ ਸਾਡੇ ਜੀਉਣ 'ਚ ਲੱਤ ਅੜਾਏ ਤਾਂ ਇਹ ਸਾਡਾ ਫਰਜ਼ ਹੈ ਕਿ ਅਸੀਂ ਖੜੇ ਹੋ ਕੇ ਪੂਰੇ ਜ਼ੋਰ ਨਾਲ ਆਵਾਜ਼ ਉਠਾਈਏ।

(ਅੰਗਰੇਜ਼ੀ ਤੋਂ ਅਨੁਵਾਦ- ਸਰਵਣ ਬੋਲ)


---

ਪਾਠਕਾਂ ਦੇ ਨਾਂ:—

ਵਤਨੋਂ ਦੂਰ ਨੂੰ ਆਪਣੇ ਮੌਜੂਦਾ ਹਾਲ ਵਿਚ ਬਦਲਦਾ ਵੇਖਣ ਲਈ ਸਾਨੂੰ ਆਪਣੇ ਪਾਠਕਾਂ ਦੇ ਵੱਧ ਤੋਂ ਵੱਧ ਸਹਿਯੋਗ ਦੀ ਲੋੜ ਹੈ। ਜਿਵੇਂ ਪਿਛਲੇ ਅੰਕ ਵਿਚ ਜ਼ਿਕਰ ਕੀਤਾ ਸੀ ਕਿ ਅਸੀਂ ਪਰਚੇ ਵਿਚ ਇਸ਼ਤਿਹਾਰ ਛਾਪਣੇ ਸ਼ੁਰੂ ਕਰਨੇ ਚਾਹੁੰਦੇ ਹਾਂ। ਸਾਨੂੰ ਪੂਰੀ ਉਮੀਦ ਹੈ ਕਿ ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹੋ ਚੁੱਕੇ ਹਨ (ਉਹਨਾਂ ਨੂੰ ਖਤਾਂ ਰਾਹੀਂ ਸੂਚਿਤ ਕੀਤਾ ਜਾ ਚੁੱਕਾ ਹੈ) ਉਹ ਆਪਣੇ ਚੰਦੇ ਜ਼ਰੂਰ ਜਲਦੀ ਭੇਜ ਦੇਣਗੇ। ਅਤੇ ਨਾਲ ਹੀ ਨਵੇਂ ਪਾਠਕ ਪੈਦਾ ਕਰਨ ਵਿਚ ਸਾਡੀ ਮਦਦ ਕਰਨਗੇ।

NOW!

# ALL LINES OF INSURANCE






RUPINDER AZAD M.A.

**NEEDS SERVED BY RUPINDER S. AZAD M.A.**

*Phone:*
*HOME: 325-0774*
*OFFICE - 324-2844*

## *AZAD INSURANCE AGENCIES*

*6612 - Main Street, Vancouver, B.C. V5X 3H2*

ALSO REPRESENT
ABBY — GALE INSURANCE AGENCIES
PHONE: 859-2298, TOLL FREE: 534-1213

33793 **ESSENDENE AVE. ABBOTSFORD**

---

# Super Saver Grocery Store
# 6236 Fraser Street, Vancouver

**ਹਰ ਇਕ ਕਿਸਮ ਦੀ ਗਰਾਸਰੀ**
**ਜਿਵੇਂ ਕਿ :** ਵਧੀਆ ਦਾਲਾਂ, ਚਾਵਲ,
ਮਸਾਲੇ, ਆਚਾਰ, ਮੁਰਬੇ, ਚਟਨੀਆਂ, ਪਾਪੜ,
ਪਿਸਤਾ, ਕਾਜੂ, ਸਬਜ਼ੀਆਂ, ਨਮਕੀਨ ਤੇ ਸੈਂਕੜੇ
ਹੋਰ ਚੀਜ਼ਾਂ. ਘਟ ਕੀਮਤ ਤੇ ਲੈਣ ਲਈ ਹਮੇਸ਼ਾ
ਯਾਦ ਰਖੋ। ਵਿਆਹਾਂ ਸ਼ਾਦੀਆਂ. ਅਖੰਡ ਪਾਠਾਂ ਧਾਰਮਿਕ ਕਾਰਜਾਂ
ਲਈ ਖਾਸ ਰਿਆਇਤ।
ਵੈਨਕੂਵਰ ਤੋਂ ਬਾਹਰ ਸਮਾਨ ਭੇਜਣ ਦਾ ਖਾਸ ਪ੍ਰਬੰਧ ਹੈ।

FRESH FRUITS
VEGETABLES



PAL

**STAINLESS STEEL UTENSILS. 10 % off**

*Time: 9 a.m.-9 p.m. Seven days a week.*

**Tel. Bus.324-1838,**
**Res.278-5802**

# ਸ਼ਰਧਾਂਜਲੀ

— ਹਰਜੀਤ ਫੈਂਚੀਆ

ਜੂਨ ਉਦਾਸੀ ਦਾ ਕਲੰਡਰ
ਤ੍ਰੇਲ ਸਵੇਰ ਦੀ ਜੰਮਣ ਘੁੱਟੀ
ਘਰ ਦਿਸ਼ਾ ਮੰਤਵ ਸਫ਼ਰ
ਆਸ ਗਰਾਸ
ਚਾਰ ਚੱਕ ਦੀਆਂ ਸੀੜਾਂ
ਭੁੰਨੇ ਖਿੜਕੀਆਂ ਮਰਨ ਪੀੜਾਂ
ਕੋਮਲ ਪਿਆਰ ਕੁਮਲਾਇਆ
ਫੁੱਲ ਰੰਗ ਰੋਈ
ਧੁੱਪ ਠੰਡੀ ਸੀਤ ਰੋਈ
ਦੁਪਿਹਰ ਹਲਦੀ ਵਰਨੀ -
ਚਿੰਤਨ ਸ਼ਹਿਰ
ਨਸਲੀ ਵਰਤਿਆ ਕਹਿਰ
ਰੰਗੀ ਲਹਿਰ
ਰੂਹ ਨਿਚੁੱੜੀ ਠੋਕਰ ਲੀਤੀ
ਕਰੰਤ ਰਾਗ
ਚਾਰੇ ਪਾਸੇ ਹੱਕ ਜਿਹਾਂ ਦੀ
ਗੂੰਜੇ ਦਾਗ
ਰੂਹ ਅਲੋਪ
ਮੋਇਆ ਮਾਸ
ਭੀੜ ਭਈ ਉਦਾਸ
ਰਤ ਪਾਣਾ
ਮਨ ਵਿਹੜੀ ਸਨਾਟਾ -
ਜੱਗ - ਮੋਹਣ
ਅੰਮਾਂ ਜਾਇਆ
ਆਪਣਾ ਪਰਾਇਆ
ਪਲਟੀ ਦੌਰ
ਉਤਰਨ ਪੋਰ
ਵਿੱਤਾ ਲਿਆ
ਕਰਿਆ ਕਰਾਇਆ
ਭਰਿਆ ਭਰਾਇਆ
ਦੇਸੋਂ ਪ੍ਰਦੇਸ
ਸੱਤਾ ਆਦੇਸ਼ -
ਹੁਣ ਕਿਉਂ ਭਏ ਉਦਾਸ !
ਹੁਣ ਕਿਉਂ ਰੋਏ ਉਕਾਰ !

ਕੀ ਰੋਣਾ !
ਕੀ ਧੋਣਾ ।
ਕੀ ਤੋਲਣਾ!
ਕੀ ਤੁਲਾਣਾ!
ਕੀ ਭੁੱਲਣਾ!
ਕੀ ਭੁਲਾਣਾ!
ਆਏ ਸੱਚ
ਜਾਏ ਸੱਚ
ਸੌ ਸਿਆਣਪ
ਇਕ ਅਮਲ
ਆਦਿ ਅੰਤਰ
ਜੁਗਾ ਜੁਗੰਤਰ —

# ਜਸ਼ਨੇ ਆਜ਼ਾਦੀ?

— ਜਗਮੋਹਨ ਜੋਸ਼ੀ

ਡਰਖੇ ਬੈਠ ਕੋਹੇ ਆਜੇ ਮਸਰਤ ਕੈਸਾ
ਦਰਦ ਕਾਇਮ ਹੈ ਅਭੀ ਜ਼ਖ਼ਮ ਅਭੀ ਗਹਰੇ ਹੈਂ
ਜ਼ਰਦ ਰੁੱਖ ਪਿਚਕੇ ਹੁਏ ਪੇਟ ਫਸਰਦੈ ਆਂਖੇਂ
ਅਫਲਿਸਤ ਪਰ ਹੈਂ ਜਹਾਂ ਗਮ ਕੇ ਕੜੇ ਪਹਿਰੇ ਹੈਂ

ਹਮ ਤੋ ਖੁਆ ਥੇ ਗਜ਼ੂੰ ਕੇ ਨਾ ਖਬਰ ਥੀ ਹਮ ਕੋ
ਖ਼ੂਨ ਮੇਂ ਲਿਪਟੀ ਹੁਈ ਬਾਦੇ - ਬਹਾਰ ਹੋਗੀ
ਹਮ ਹਰਾਸਾਂ ਥੇ ਸ਼ਬੇ - ਗਮ ਸੇ ਮਗਰ ਆਲਮ ਨਾ ਥਾ
ਸੁਭਾ ਬਿਮਾਰੋਂ ਪੇ ਕੁੱਝ ਔਰ ਭੀ ਭਾਰੀ ਹੋਗੀ।

ਫਿਰ ਗਲਤ ਬਾਤ ਹੈ ਜ਼ੰਜੀਰੇ ਕਹਿਨ ਟੂਟ ਗਈ
ਅਨਤਰਾਬਾਤ ਕਾ ਤੋ ਜ਼ੋਰ ਹੈ ਅਬ ਭੀ ਕਾਇਮ
ਯੇਹ ਨਯਾ ਦੌਰ ਨਯਾ ਦੌਰ ਨਹੀ ਸਾਜ਼ਿਸ਼ ਹੈ
ਜ਼ੁਲਮ ਕਾ ਜ਼ੋਰ ਕਾ ਤੋ ਜ਼ੋਰ ਹੈ ਅਬ ਭੀ ਕਾਇਮ।

ਅਬ ਭੀ ਕਾਇਮ ਹੈ ਵੋਹ ਜਮਹੂਰ - ਕੁਸ਼ੀ ਕੀ ਰਸਮੇਂ
ਅਬ ਭੀ ਆਜ਼ਾਦੀ ਇਨਸਾਨ ਪੇ ਪਾਬੰਦੀ ਹੈ
ਕਤਲ ਗਾਹੋਂ ਮੇਂ ਤਹਿ - ਤੇਗ ਹੈ ਅਬ ਭੀ ਮਨਸੂਰ
ਅਬ ਭੀ ਹਰ ਬਾਤ ਪੇ ਐਲਾਨ ਖੁਦਾ ਬੰਦੀ ਹੈ।

ਰਹਿਬਰੋਂ ਕੌਨ ਸੀ ਗਾਰੋਂ ਮੇਂ ਛੁਪੇ ਬੈਠੇ ਹੋ
ਨੂਰ ਸੇ ਦਮਕੇਂ ਗਲੀਆਂ ਹੈ ਅੰਧੇਰੇ ਅਬ ਭੀ
ਦਮ ਨਜੂਦ ਕਾਂਪਤੇ ਹੋਟੋਂ ਪੇ ਫਗਾਂ ਹੈ ਕਾਇਮ
ਨਾ ਤੋ ਵਾਲੇ ਪੇ ਝਪਟਦੇ ਹੈ ਲੁਟੇਰ ਸੇ ਅਬ ਭੀ।

ਅਬ ਭੀ ਮਹਿਬੂਬੇ - ਵਤਨ ਕਾ ਹੈ ਖੁਦਾ ਮਗਰਬ ਮੇਂ
ਅਪਨੇ ਅਸੰਉ ਕੇ ਸ਼ੈਤਾਨ ਸੇ ਹੈ ਰਗਬਤ ਅਬ ਭੀ
ਕੁਲ ਜਹਾਂ ਦੁਸ਼ਮਨੇ ਇਨਸਾਨ ਜਿਨਨੇ ਕਹਿਤਾ ਹੈ
ਨਾ ਖੁਦਾਓ ਕੋ ਉਨ੍ਹੀ ਸੇ ਹੈ ਅਕੀਦਤ ਅਬ ਭੀ

ਅਬ ਭੀ ਸਰਮਾਇਆ ਵ ਮਿਹਨਤ ਮੇਂ ਹੈ ਤਕਰਾਰ ਵਹੀ
ਅਬ ਭੀ "ਦੋ ਪੈਸੇ" ਮੇਂ ਮਜ਼ਦੂਰ ਕਾ ਸਰ ਬਿਕਤਾ ਹੈ
ਹੋਗੀ ਫੁਰਸਤ ਤੋ ਮਨਾ ਲੇਂਗੇ ਯੇਹ ਜਸ਼ਨੇ ਗੁਮਨਾਮ
ਅਸ਼ਕ ਬਿਕਤੇ ਹੈ ਅਭੀ ਖ਼ੂਨੇ - ਜਿਗਰ ਬਿਕਤਾ ਹੈ

ਲਾਖ ਪਰਦੇਂ ਮੇਂ ਹਕੀਕਤ ਕੋ ਛੁਪਾਨੇ ਵਾਲੇ
ਘੁਪ ਅੰਧੇਰੋਂ ਕੋ ਨਈ ਸੁਬਾ ਬਤਾਨੇ ਵਾਲੇ
ਮਹਵੇ ਲਲਕਾਰ ਹੈਂ ਐਲਾਨੇ ਅਵਾਮੀ ਸੁਨ ਲੋ
ਹਮ ਖਬਰਦਾਰ ਹੈਂ ਐਲਾਨੇ ਅਵਾਮੀ ਸੁਨ ਲੋ
ਹਮ ਕੋ ਮਨਜ਼ੂਰ ਨਹੀਂ ਨਕਸ਼ੇਂ ਗੁਲਸਤਾਂ ਬਦਲੋ
ਦਮ ਘੁਟਾ ਜਾਤਾ ਹੈ ਕਾਨੂੰਨੇ ਸ਼ਬਸਤਾਂ ਬਦਲੋ।

---

# ਗ਼ਜ਼ਲ

— ਸੁਰਜੀਤ ਰਾਮਪੁਰੀ

ਸਾਂਭ ਨਾ ਨੈਣਾਂ 'ਚ ਤੂੰ ਸੁਪਨੇ ਪਰਾਏ
ਕੌਣ ਹਰ ਇਕ ਹਿੱਕ ਨੂੰ ਸੱਤੀ ਬਣਾਏ?

ਕਿਉਂ ਭਲਾ ਪ੍ਰਛਾਵਿਆਂ ਨੂੰ ਫੜਨਾ ਲੋਚੇਂ,
ਫੁੱਲ ਦੀ ਖੁਸ਼ਬੋ ਹਮੇਸ਼ਾ ਉੱਡ ਹੀ ਜਾਏ।

ਨਜ਼ਰ ਤਾਂ ਨੱਚਦੀ ਲਹਿਰ ਨੂੰ ਚੁੰਮਦੀ ਹੈ
ਕਿੰਜ ਕੋਈ ਹੋਠਾਂ ਦੀ ਅਗਨੀ ਬੁਝਾਏ?

ਜੋ ਹਵਾ ਰਾਤੀਂ ਤਿਰੇ ਵਾਲਾਂ 'ਚ ਖੇਡੇ,
ਕਾਸ਼! ਉਸਦੀ ਮਹਿਕ ਜੋ ਮੈਨੂੰ ਜਗਾਏ!

ਆ ਵੀ ਜਾ ਕਿ ਉਮਰ ਦਾ ਪਿਛਲਾ ਪਹਿਰ ਹੈ,
ਕੀ ਪਤਾ ਪ੍ਰਭਾਤ ਦਾ ਆਏ ਨਾ ਆਏ!

# ਅਸੀਂ ਮਨੁੱਖ ਹੋਵਾਂਗੇ

— ਅਮਰਜੀਤ ਸੂਫੀ

.... ਅਸੀਂ ਮਨੁੱਖ ਹੋਵਾਂਗੇ

ਅਸਲੀਅਤ ਇਹੋ ਹੈ ਹਾਲੇ ਵੀ
ਕਿ ਅਸੀਂ ਪੰਜਾਬੀ ਹੀ ਹਾਂ
ਭਾਵੇਂ ਅਸੀਂ ਕੈਨੇਡੀਅਨ - ਜਿਹੇ
ਹੀ ਬਣ ਗਏ।
ਪਰ ਚਿੱਟੀ ਚਮੜੀ ਵਾਲਿਆਂ
"ਈਸਟ- ਇੰਡੀਅਨ"
ਦਾ ਅਖਬਲ ਤਖੱਲਸ
ਸਾਨੂੰ ਬਖਸ਼ ਦਿੱਤਾ ਹੈ।

ਪੰਜਾਬੀ ਸਾਡਾ ਸੁਭਾਓ ਜੋ ਹੋਇਆ
ਪੰਜਾਬੀਆਂ ਵਾਂਗ ਫੇਰ ਰਹੀਏ ਕਿਉਂ ਨਾ
— ਮਨੁੱਖ ਕੋਈ ਵਿਸਕੀ ਦੀ
ਪੂਰੀ ਬੋਤਲ ਤੋਂ ਉਰੇ
ਘਟ ਹੀ ਠਹਿਰਦਾ ਹੈ,
ਇਸਤਰੀ, ਕਿਸੇ ਕਿਸੇ ਨੂੰ ਛੱਡ ਕੇ
ਬੀਅਰ, ਵਾਇਨ ਨੂੰ
ਛੂਹਦੀ ਤੱਕ ਨਹੀਂ।

ਫਰੇਜ਼ਰ-ਵੈਲੀ ਦੇ ਖੇਤਾਂ ਦਾ ਕੰਮ
ਚੀਨਿਆਂ ਤੋਂ ਬਿਨਾਂ ਅਸੀਂ ਹੀ ਕਰਨਾ ਹੈ
ਪਰ ਪੰਜਾਬੀ ਠੇਕੇਦਾਰ
ਬੇਕਿਰਕ ਨਸ਼ਤਰ ਲਾ ਕੇ
ਚੋਖਾ ਲਹੂ ਡੀਕ ਜਾਂਦੇ ਹਨ।
ਚੁਗਲੀ, ਸਾੜਾ, ਹੈਂਕੜ
ਕੌਣ ਸਾਡੇ ਕੋਲੋਂ ਖੋਹ ਸਕਦਾ ਹੈ?
ਵਿਆਹਾਂ ਤੇ ਦਾਜ ਦੇਣ- ਲੈਣ ਬਿਨਾਂ
ਨੱਕ ਬਚਦਾ ਹੀ ਨਹੀਂ -
ਨਾਲੇ ਸਰੀਕ ਕੀ ਆਖੂ ਭਲਾ
ਜੇ ਥੱਲੇ ਥੱਲੇ ਨਾ ਕਰ ਦਿਖਾਈ;
ਵਿਆਹ - ਪਾਰਟੀਆਂ ਤੇ
ਸਿਰ ਕਦੇ ਕਦੇ ਪਾਟ ਹੀ ਜਾਂਦੇ ਹਨ
ਪੰਜਾਬੀ ਬੋਲਣ ਬਿਨਾਂ ਗੁਜ਼ਾਰਾ ਨਹੀਂ ਹੁੰਦਾ
ਪੜ੍ਹਨ- ਲਿਖਣ ਦਾ ਤਾਂ ਭਲਾ -
ਵਿਹਲ ਹੀ ਨਹੀਂ ਲਗਦਾ।

ਕਨੇਡੀਅਨ ਬਣੇ ਬਿਨਾਂ ਵੀ ਗੁਜ਼ਾਰਾ ਮੁਸ਼ਕਲ ਹੈ
ਸਿਟੀਜ਼ਨ ਨੂੰ ਸਹੂਲਤਾਂ ਵੀ ਤਾਂ ਕਈ ਹਨ
ਪਰ ਸਿਟੀਜ਼ਨਸ਼ਿਪ ਕੋਈ ਜ਼ਰੂਰੀ ਵੀ ਨਹੀਂ
ਕਨੇਡੀਅਨ ਜਿਹਾ ਬਣਨ ਲਈ।
ਸੂਟ ਵੀ ਪਾਉਣਾ ਪੈਂਦਾ ਹੈ ਕਦੀ ਕਦੀ
ਪੈਂਟ- ਜਾਕਟ ਨਾਲ ਵਧੀਆ ਸਰੀ ਜਾਂਦਾ ਹੈ
ਨਾਲੇ ਟਾਈ ਲਾਉਣ ਦਾ ਸਿਆਪਾ ਨਹੀਂ ਰਹਿੰਦਾ।

"ਮੈਕਡੋਨਲਡ" ਤੇ ਗਾਂ- ਮਾਸ ਵਾਲੇ
'ਹੈਮਬਰਗਰ' ਖਾਧੇ ਬਿਨਾਂ
ਨਿਆਣੇ ਕਦੋਂ ਰਿਹਾੜ੍ਹੇ ਮੁੜਦੇ ਹਨ,
'ਬੀਫ' ਭੁੱਲੇ ਨਹੀਂ ਚੜ੍ਹਨ ਦੇਣਾ ਆਪਾਂ,
ਮੁਰਗਾ ਹੀ 'ਔ- ਰੈਟ' ਰਹਿੰਦਾ ਹੈ
ਟੁੱਟੀ -ਭੱਜੀ ਇੰਗਲਿਸ਼, ਕੰਮ 'ਤੇ
ਡੰਗ ਸਾਰ ਹੀ ਦਿੰਦੀ ਹੈ,
ਨਕੜੀ ਮਿੱਲਾਂ 'ਚ ਕਿਤੇ ਕਿਤੀ ਕੁ
ਬੋਲਣ ਦੀ ਲੋੜ ਹੁੰਦੀ ਹੈ।
ਦੜੇ - ਦਫਤਰੀਂ ਬਾਤ ਵਾਲਾ ਭਾਈ
'ਹੈਲਪ' ਕਰ ਦਿੰਦਾ ਹੈ।
ਬਿਜ਼ਨੈਸਮੈਨ ਤਾਂ ਸਭ
ਬੀ. ਏ. ਐਮ. ਏ. ਹੁੰਦੇ ਹੀ ਨੇ
ਮਜ਼ਦੂਰੀ ਕਰਨ ਲਈ
ਕਿਹੜੀ ਲੋੜ ਪੈਂਦੀ ਹੈ ਡਿਗਰੀਆਂ ਦੀ
ਅੱਠ- ਘੰਟੇ ਮਿਹਨਤ ਹੀ ਵੇਚਣੀ ਹੈ ਅਸਾਂ
ਆਪਾਂ ਕੋਈ ਠੱਗੀ ਤਾਂ ਨਹੀਂ ਮਾਰਨੀ
ਉਂ ਜੇ ਬਾਤ ਆਉਂਦੀ ਹੋਵੇ ਤਾਂ ਹੈ ਚੰਗਾ।
ਰੀਟਾਇਰਮੈਂਟ ਉਤੇ ਦੋ ਪੈਨਸ਼ਨਾਂ ਲੱਗ ਜਾਣੀਆਂ
ਕੰਪਨੀ ਦੀ 'ਤੇ, ਸਰਕਾਰੀ
ਘਰ ਦੀ ਕਿਸ਼ਤ - ਮੁਕਤ (ਫਰੀ)
ਹੋ ਜਾਣਾ ਤੁਰਦੇਂ ਤੱਕ।
ਕੁੜੀਆਂ ਘਰੋ ਘਰੀਂ ਨੇ
ਮੁੰਡੇ ਤਾਂ ਪਤਾ ਨਹੀਂ
ਗੋਰੀਆਂ ਹੀ ਲੈ ਆਉਣ
— ਔਖੇ ਹੋਣਗੇ
ਪਰ ਜਿਵੇਂ ਮਰਜ਼ੀ ਪਏ ਕਰਨ
ਆਖਿਆਂ, ਕੋਈ ਆਖੇ ਤਾਂ ਲੱਗਣਾ ਨਹੀਂ।
ਸਾਨੂੰ ਤਾਂ ਪਤਾ ਨਹੀਂ, ਕਦੋਂ
ਸਾਹ ਆਵੇ ਨਾ ਆਵੇ
ਆਪਣੀ ਜਿਹੋ ਜਿਹੀ ਹੈ
ਚੰਗੀ ਲੰਘ ਜਾਣੀ ਹੈ।
ਰਹੀ ਗੱਲ ਦੇਸ਼ ਦੀ
ਕਿਥੇ ਹੁਣ ਜਾ ਹੋਣਾ ਭਲਾ
ਚਲੇ ਵੀ ਗਏ ਤਾਂ ਰਹਿ ਨਹੀਂ ਹੋਣਾ
ਕਾਰ, ਟੀ. ਵੀ. ਫੂਨ ਤੇ ਫਰਿਜ ਦੀ ਐਸ਼
ਨਾਲੇ ਪੈਨਸ਼ਨ ਦਾ ਲਾਲਚ
ਵੀ ਨਹੀਂ ਜਾਣ ਦਿੰਦਾ।
ਪਰ ਛੱਜੂ ਦੇ ਚੁਬਾਰੇ ਵਰਗਾ ਸੁਖ
ਏਥੇ ਤਾਂ ਨਹੀਂ ਹੈ।

ਸੋ ਦੁੱਖਾਂ ਦਾ ਦੁੱਖ ਤਾਂ
'ਈਸਟ ਇੰਡੀਅਨ' ਹੋਣ ਦਾ ਹੈ
ਬਖੇੜਾ ਸਾਬਣ ਮਲੀ ਦਾ ਹੈ
ਰੰਗ ਕਿਥੇ ਬਦਲਦਾ ਭਲਾ ਸਾਡਾ
ਕਈ ਗੋਰੇ ਤਾਂ ਸਾਨੂੰ ਦੇਖ
ਮੱਚ ਜਾਂਦੇ ਨੇ,
ਕਈ ਥੁੜ- ਥੁੜ ਕਰਦੇ ਲੰਘ ਜਾਂਦੇ ਨੇ
ਕਈ ਕਾਰ ਵਿਚੋਂ ਥੁੱਕ ਜਾਂਦੇ ਨੇ
ਕੋਈ ਕੋਈ ਗਾਲ੍ਹਾਂ ਦੁੱਪੜ ਬੱਕ ਜਾਂਦਾ ਹੈ
ਹੱਥੋ- ਪਾਈ ਦੀ ਨੌਬਤ ਕਈ ਵਾਰ ਆਈ ਹੈ
ਕਈ ਸਰਕਾਰੀ ਅਫਸਰ
'ਤੇ ਪੂੰਜੀ ਪਤੀ ਟੇਡੇ ਢੰਗੀਂ
'ਤੇ ਉਨ੍ਹਾਂ ਦੇ ਰੇਡੀਓ - ਅਖਬਾਰ
ਦਿਨੇ - ਰਾਤੀਂ -
ਰੰਗ ਭੇਦ ਦੀ ਸ਼ੋਰਣ ਘੜੀ ਹੀ ਰੱਖਦੇ ਨੇ
ਚਿੱਟੇ ਕਾਲਿਆਂ ਵਿਚ ਪਾੜਾ
ਉਨ੍ਹਾਂ ਦੇ ਹਿੱਤ ਵਿਚ ਜੋ ਹੋਇਆ
ਪਰ ਆਮ ਚਿੱਟੇ ਲੋਕ ਮਾੜੇ ਨਹੀਂ ਹੁੰਦੇ।

ਸਾਡਾ ਗੁਆਂਢੀ 'ਐਂਡੀ'
ਚਿੱਟੇ - ਕਾਲੇ ਸਾਰੇ ਬੱਚਿਆਂ ਨੂੰ
ਹਾਕਾਂ ਮਾਰ ਮਾਰ ਸੱਦ ਲੈਂਦਾ ਹੈ
ਕੋਈ ਉਸ ਦੇ ਮੋਢੇ ਚੜ੍ਹਦਾ ਹੈ
ਕੋਈ ਲੱਤ ਨੂੰ ਚੁੰਬੜ ਖੜ੍ਹਦਾ ਹੈ
ਬਿਸਕੁਟ ਤੇ ਮਿੱਠੀਆਂ ਗੋਲੀਆਂ ਖਾਂਦੇ
ਉਸਦੇ ਵਿਹੜੇ ਵਿਚ ਦੁੜੰਗੇ ਮਾਰਦੇ
ਸਾਰੇ ਖੇਡਦੇ ਰਹਿੰਦੇ ਹਨ।

ਚਿੱਟੇ, ਭੂਰੇ, ਕਾਲੇ, ਪੀਲੇ,
ਚਾਰ ਰੰਗ ਹੀ ਮਨੁੱਖਤਾ ਦੇ ਹਨ,
ਰੰਗਾਂ ਵਿਚ ਕਿਉਂ ਵੰਡ ਹੋਈਏ ਅਸੀਂ
ਇਹ ਵੰਡ ਸਾਡੀ ਏਕਤਾ ਨੂੰ ਤੋੜਦੀ
ਦੁਸ਼ਮਣਾਂ ਨੂੰ ਜੋੜਦੀ ਹੈ,
ਰੰਗ ਦੀ ਵੰਡ
ਰੰਗ ਦੀ ਜੰਗ
ਖਤਮ ਕਰਨ ਲਈ
ਆਓ! ਦੋ ਧੜਿਆਂ 'ਚ ਵੰਡ ਕਰੀਏ
— ਕਿਰਤ ਵੇਚਣ ਵਾਲਿਆਂ, ਤੇ
— ਕਿਰਤ ਖਰੀਦਣ ਵਾਲਿਆਂ ਵਿਚ
ਸਪਸ਼ਟ ਲਕੀਰ ਵੱਢੀਏ।
ਫਿਰ ਪੂਰਬ ਰਹੀਏ ਜਾਂ ਪੱਛਮ
ਕਨੇਡਾ ਰਹੀਏ ਜਾਂ ਇੰਡੀਆ ਜਾਂ ਹੋਰ ਕਿਤੇ
ਪੰਜਾਬੀ ਜਾਂ ਅੰਗਰੇਜ਼ੀ ਬੋਲੀਏ
ਚਿੱਟੇ ਹੋਈਏ ਜਾਂ ਕਾਲੇ
ਸਭਨਾਂ ਉਪਰ ਇਕੋ ਲਹੂ ਵਰਗਾ-
ਚੰਦੋਆ ਤਾਣ ਲਈਏ
ਫਿਰ ਮਿਹਨਤ ਦੇ ਰਾਜ ਹੇਠਾਂ,
— ਅਸੀਂ ਮਨੁੱਖ ਹੋਵਾਂਗੇ।

---

## ਗ਼ਜ਼ਲ

ਦੇਵ ਰਾਊਕੇ

ਬਹੁਤ ਭਰੋਸਾ ਕੀਤਾ ਵਗਦੇ ਸਾਹਾਂ ਤੇ।
ਛੱਡੋ ਯਾਰ ਗੁਜ਼ਾਰਾ ਕਰਨਾ ਆਹਾਂ ਤੇ।
ਮਾਣ ਬੜੇ ਸਾਨੂੰ ਅਪਣੀਆਂ ਬਾਹਾਂ ਤੇ,
ਹੱਥ ਉਠਾ ਕੇ ਵੇਖਾਂਗੇ ਹੁਣ ਸ਼ਾਹਾਂ ਤੇ।
ਉਸ ਦੇ ਨੇੜੇ ਹੋ ਕੇ ਮੰਜ਼ਿਲ ਚੁੰਮੇ ਪੈਰ,
ਜਿਹੜਾ ਬੰਦਾ ਤੁਰਦੈ ਮੁਸ਼ਕਿਲ ਰਾਹਾਂ ਤੇ।
ਯਾਰੋ ਏਦਾਂ ਨਾਲ ਕਿਸੇ ਦੇ ਹੋਵੇ ਨਾ,
ਜਿੱਦਾਂ ਬੀਤੀ ਉਹਨਾਂ ਬੇਪ੍ਰਵਾਹਾਂ ਤੇ।
ਪੈਰਾਂ ਪਈਆਂ ਵੇਖ ਜੰਜੀਰਾਂ ਹੰਸਾਂ ਦੇ,
ਉੱਲੂ ਕਰਨ ਕਲੋਲਾਂ ਬਹਿ ਫਰਮਾਹਾਂ ਤੇ।
ਹੋਰ ਕਿਸੇ ਤੇ ਸੱਜਣਾਂ ਸਾਨੂੰ ਗੁਸਾ ਨਈਂ,
ਗੁੱਸਾ ਹੈ ਤੇਰੇ ਵਰਗੇ ਗੁਮਰਾਹਾਂ ਤੇ।
ਪਾਣੀ ਨਾਲ ਬੁਝਾਇਆਂ ਵੀ ਤਾਂ ਬੁਝਣੀ ਨਾ,
ਦਿਲ ਦੀ ਅੱਗ ਮੈਂ ਸੁੱਟੀ ਜਦ ਸਰਵਾਹਾਂ ਤੇ।
ਬਿਜਲੀ ਬਣਕੇ ਦੁਸ਼ਮਨ ਉਤੇ ਟੁੱਟ ਪਊ,
ਕਰਕੇ ਯਾਰ ਭਰੋਸਾ ਇਹਨਾਂ ਬਾਹਾਂ ਤੇ।
ਦੁਸ਼ਮਨ ਅਫਵਾਹਾਂ ਫੈਲਾਉਂਦਾ ਫਿਰਦਾ ਹੈ,
ਦੇਵ ਯਕੀਨ ਕਰੀਂ-ਨ-ਤੂੰ ਅਫਵਾਹਾਂ ਤੇ।

# ਮੁੱਠੀ ਦਾ ਰੇਤਾ

ਸਾਧੂ ਖਰਨੇਬੀ, ਬੀ.ਸੀ.

ਬਰੂਸ ਲੰਚ ਵੇਲੇ ਅਕਸਰ ਜੈਸੀ ਨੂੰ ਕਲੱਬ ਚਲਣ ਲਈ ਕਹਿੰਦਾ ਜੈਸੀ ਢਿਲਕਵੀਂ ਜਿਹੀ ਨਾਂਹ ਕਰ ਛਡਦਾ । ਫੇਰ ਉਹ ਕਈ ਵਾਰੀ ਸੋਚਦਾ ਕਿ ਉਹ ਆਪਣੇ ਕਾਮੇ ਸਾਥੀਆਂ ਤੋਂ ਦੂਰੀ ਪਾ ਰਿਹਾ ਸੀ । ਪਰ ਉਹ ਉਹਨਾਂ ਦੀਆਂ ਲਗਾਤਾਰ ਸ਼ਰਾਬ ਤੇ ਤੀਵੀਆਂ ਦੁਆਲੇ ਘੁੰਮਦੀਆਂ ਗੱਲਾਂ ਸੁਣ ਸੁਣ ਕੇ ਵੀ ਅੱਕ ਗਿਆ ਹੋਇਆ ਸੀ । ਇਸ ਕਰਕੇ ਲੰਚ ਦਾ ਪੌਣਾ ਘੰਟਾ ਉਹ ਕੋਈ ਕਿਤਾਬ ਪੜਨੀ ਹੀ ਚੰਗੀ ਸਮਝਦਾ । ਉਂਝ ਕਈ ਵਾਰੀ ਉਹਨੂੰ ਬਰੂਸ ਹੋਰਾਂ ਦੀ ਜਿੰਦਗੀ ਤੇ ਬੜਾ ਰਸ਼ਕ ਆਉਂਦਾ । ਬੇ ਫਿਕਰ ਨਿਆਣਿਆਂ ਵਾਂਗੂੰ ਉਹ ਜੋ ਮਰਜੀ ਕਰਦੇ । ਲੰਚ ਵੇਲੇ ਵੀ ਬੀਅਰ ਪੀਂਦੇ, ਕੰਮ ਤੋਂ ਬਾਅਦ ਕਈ ਵਾਰੀ ਅੱਧੀ ਅੱਧੀ ਰਾਤ ਤੱਕ ਕਲੱਬ 'ਚ ਬੈਠੇ ਗੱਪਾਂ ਮਾਰਦੇ ਰਹਿੰਦੇ ਵੀਕ-ਇੰਡ ਤੇ ਪਾਰਟੀਆਂ ਕਰਦੇ । ਰੈਸਟੋਰੈਂਟਾਂ ਵਿਚ ਖਾਣੇ ਖਾਂਦੇ, ਡਾਂਸ ਕਰਦੇ । ਉਹ ਵੀ ਕਈ ਵਾਰੀ ਇਹ ਸੱਭ ਕੁਝ ਕਰਨਾ ਚਾਹੁੰਦਾ ਪਰ ਉਹ ਅਜਿਹਾ ਨਾ ਕਰ ਸਕਦਾ ।

ਜੈਸੀ ਵਿਆਹਿਆ ਹੋਇਆ ਸੀ । ਦੋ ਸਾਲਾਂ ਦੀ ਕੁੜੀ ਸੀ ਉਸ ਦੀ । ਉਹਦੀ ਵਹੁਟੀ ਹਰਬੰਸ ਵੀ ਕੰਮ ਕਰਦੀ ਸੀ । ਉਹਨਾਂ ਨੇ ਨਵਾਂ ਤਿੰਨ ਬੈਡ-ਰੂਮ ਦਾ ਘਰ ਖਰੀਦਿਆ ਹੋਇਆ ਸੀ । ਜੈਸੀ ਦੇ ਮਾਂ ਪਿਓ ਵੀ ਉਹਨਾਂ ਨਾਲ ਹੀ ਰਹਿੰਦੇ ਸਨ । ਜੈਸੀ ਦਾ ਸਾਲਾ ਦੋ ਨਿਆਣਿਆਂ ਤੇ ਵਹੁਟੀ ਸਮੇਤ ਉਹਨਾਂ ਨਾਲ ਰਹਿੰਦਾ ਸੀ । ਘਰ ਦੀ ਬੇਸਮੈਂਟ ਜੈਸੀ ਨੇ ਇਕ ਹੋਰ ਪੰਜਾਬੀ ਪਰਵਾਰ ਨੂੰ ਕਿਰਾਏ ਉਤੇ ਦਿੱਤੀ ਹੋਈ ਸੀ । ਸਾਰੇ ਘਰ ਦੀ ਦੇਖ ਭਾਲ ਜੈਸੀ ਨੂੰ ਕਰਨੀ ਪੈਂਦੀ । ਉਹ ਇਕੱਲਾ ਹੀ ਕਾਰ ਚਲਾ ਸਕਦਾ । ਘਰ ਦਾ ਕੋਈ ਵੀ ਕੰਮ ਹੁੰਦਾ ਉਹਨੂੰ ਕਾਰ ਲੈ ਕੇ ਜਾਣਾ ਪੈਂਦਾ । ਕਈ ਵਾਰੀ ਤਾਂ ਬੇਸਮੈਂਟ ਵਿਚ ਰਹਿੰਦੇ ਕਿਰਾਏਦਾਰ ਵੀ ਉਹਨੂੰ ਕੋਈ ਨਾ ਕੋਈ ਬੁੱਤੀ ਕਰਨੇ ਨੂੰ ਕਹਿ ਛੱਡਦੇ । ਕਾਰ ਨਾ ਹੋਣ ਦਾ ਵਾਸਤਾ ਪਾਉਂਦੇ । ਹਰਬੰਸ ਦੇ ਬਹੁਤ ਸਾਰੇ ਰਿਸ਼ਤੇਦਾਰ ਵੀ ਉਹਨਾਂ ਦੇ ਆਸਪਾਸ ਹੀ ਰਹਿੰਦੇ ਸਨ ਵੀਕਇੰਡ ਤੇ ਜੈਸੀ ਹੋਰਾਂ ਨੂੰ ਕਿਸੇ ਨਾ ਕਿਸੇ ਨੂੰ ਸੱਦਣਾ ਪੈਂਦਾ ਕਦੀ ਕਿਸੇ ਦੇ ਜਾਣਾ ਪੈਂਦਾ ।

ਬਰੂਸ ਹੋਰੀਂ ਜਦ ਕਦੀ ਜੈਸੀ ਨੂੰ ਕਿਸੇ ਪਾਰਟੀ ਤੇ ਸਦਦੇ ਤਾਂ ਉਹ ਨੂੰ ਪਤਾ ਨਾ ਲਗਦਾ ਕੀ ਬਹਾਨਾ ਲਾਵੇ, ਕੀ ਜਵਾਬ ਦੇਵੇ ਜਿਵੇਂ ਇਕ ਸ਼ੁਕਰਵਾਰ ਬਰੂਸ ਨੇ ਜੈਸੀ ਨੂੰ ਕੰਮ ਤੋਂ ਬਾਅਦ ਉਹਨਾਂ ਨਾਲ ਬੈਠ ਕੇ ਬੀਆਰ ਪੀਣ ਲਈ ਪੁੱਛਿਆ ਤਾਂ ਜੈਸੀ ਵੀ ਚਾਹੁੰਦਾ ਸੀ ਕਿ ਉਹ ਬੀਆਰ ਦੇ ਦੋ ਗਲਾਸ ਪੀ ਕੇ ਥਕੇਵਾਂ ਲਾਹੇ ਤੇ ਗੱਪਾਂ ਮਾਰੇ । ਪਰ ਉਹ ਨੇ ਕੰਮ ਤੋਂ ਬਾਅਦ ਹਰਬੰਸ ਨੂੰ ਕੰਮ ਤੋਂ ਚੁੱਕਣ ਜਾਣਾ ਸੀ, ਫਿਰ ਆਪਣੇ ਸਾਲੇ ਨੂੰ ਕੰਮ ਤੋਂ ਚੁੱਕ ਕੇ ਏਅਰ ਪੋਰਟ ਨੂੰ ਜਾਣਾ ਸੀ । ਹਰਬੰਸ ਦੇ ਮਾਮੇ ਦਾ ਮੁੰਡਾ ਇੰਡੀਆਂ ਤੋਂ ਆ ਰਿਹਾ ਸੀ । ਫੇਰ ਇਕ ਵਾਰੀ ਬਰੂਸ ਤੇ ਜਾਰਜ ਨੇ ਜੈਸੀ ਨੂੰ ਸਨਿਚਰਵਾਰ ਉਹਨਾਂ ਨਾਲ ਬੇਸਬਾਲ ਖੇਡਣ ਲਈ ਕਿਹਾ ਤੇ ਨਾਲੇ ਆਪਣੀ ਵਹੁਟੀ ਨੂੰ ਵੀ ਨਾਲ ਲਿਆਉਣ ਦੀ ਹਦਾਇਤ ਕੀਤੀ । ਉਹਨਾਂ ਦੀਆਂ ਵਹੁਟੀਆਂ ਤੇ ਛੜਿਆਂ ਦੀਆਂ ਦੋਸਤ ਕੁੜੀਆਂ ਨੇ ਵੀ ਆਉਣਾ ਸੀ । ਜੈਸੀ ਨੂੰ ਪ੍ਰੋਗਰਾਮ ਵਧੀਆ ਲੱਗਾ । ਉਹ ਹਾਂ ਕਰਨ ਹੀ ਵਾਲਾ ਸੀ ਜਦੋਂ ਉਹ ਨੂੰ ਯਾਦ ਆਇਆ ਕਿ ਸਨਿਚਰਵਾਰ ਨੂੰ ਤਾਂ ਹਰਬੰਸ ਦੀ ਭੂਆ ਦੀ ਕੁੜੀ ਦਾ ਵਿਆਹ ਸੀ । ਉਹਦੀ ਨਾਂਹ ਸੁਣ ਕੇ ਬਰੂਸ ਨੇ ਹਸਦਿਆਂ ਕਿਹਾ, ਉ ਯੂ ਪੂਅਰ ਬਿਜ਼ੀ ਮੈਨ, ਪਰ ਭਾਂਵੇਂ ਕੁਝ ਵੀ ਹੋਵੇ ਤੂੰ ਨਵੇਂ ਸਾਲ ਦੀ ਪਾਰਟੀ ਤੋਂ ਨਹੀਂ ਮੁਕਰ ਸਕਦਾ । ਤੂੰ ਤੇ ਤੇਰੀ ਵਹੁਟੀ ਉਸ ਪਾਰਟੀ ਵਿਚ ਆਉਣੇ ਜਰੂਰੀ ਹਨ । ਅਸੀਂ ਤਾਂ ਅਜੇ ਤੱਕ ਤੇਰੀ ਵਹੁਟੀ ਵੀ ਨਹੀਂ ਦੇਖੀ ਬਰੂਸ ਦੀ ਆਖਰੀ ਗੱਲ ਨਾਲ ਜੈਸੀ ਦੀਆਂ ਅੱਖਾਂ ਅੱਗੇ ਹਰਬੰਸ ਆ ਗਈ ਸਿੱਧੀ, ਸਾਧਰੀ ਅਨਪੜ ਪੰਜਾਬਣ । ਜਦੋਂ ਤੋ ਕਾਫੀ ਸ਼ਾਪ ਵਿਚ ਭਾਂਡੇ ਧੋਣ ਦਾ ਕੰਮ ਕਰਨ ਲਗੀ ਸੀ, ਗੋਰਿਆਂ ਵਾਲੇ ਪੈਂਟ-ਸੂਟ ਤਾਂ ਪਾਉਣੇ ਸਿੱਖ ਗਈ ਸੀ ਪਰ ਬਾਕੀ ਦੇ ਰਸਮ-ਰਿਵਾਜ ਤੋਂ ਬਿਲਕੁਲ ਕੋਰੀ । ਗੋਰਿਆਂ ਦੇ ਬਾਹਲੇ ਰਸਮ-ਰਿਵਾਜ ਤਾਂ ਜੈਸੀ ਵੀ ਨਹੀਂ ਸੀ ਜਾਣਦਾ ਪਰ ਉਹ ਵਿਆਹ ਤੋਂ ਪਹਿਲਾਂ ਇਕ ਦੋ ਪਾਰਟੀਆਂ 'ਤੇ ਗਿਆ ਹੋਇਆ ਸੀ ।

ਜੈਸੀ ਨਵੇਂ ਸਾਲ ਦੀ ਪਾਰਟੀ ਵਾਰੇ ਪੂਰੀ ਤਰਾਂ ਨਿਸ਼ਚਾ ਨਹੀਂ ਸੀ ਕਰ ਸਕਿਆ ਉਹ ਬਾਰ ਬਾਰ ਬਰੂਸ ਹੋਰਾਂ ਦੇ ਸੱਦੇ ਤੇ ਨਾ ਜਾਣ ਕਰਕੇ ਕਾਫੀ ਘਟੀਆ ਮਹਿਸੂਸ ਕਰਦਾ ਸੀ । ਇਕ ਵਾਰੀ ਤਾਂ ਉਹ ਨੇ ਬਰੂਸ ਦੇ ਜੋਟੀਦਾਰ ਰੌਨ ਤੇ ਐਲ ਨੂੰ ਗੱਲਾਂ ਕਰਦਿਆਂ ਵੀ ਸੁਣਿਆ ਸੀ । ਰੌਨ ਐਲ ਨੂੰ ਕਹਿ ਰਿਹਾ ਸੀ, ''ਇਹ ਈਸਟ-ਇੰਡੀਅਨ ਵਾਹਲੇ ਦੂਜਿਆਂ ਲੋਕਾਂ ਵਿਚ ਮਿਕਸ ਹੋਣਾ ਨਹੀਂ ਚਾਹੁੰਦੇ । ਹੁਣ ਆ ਜੈਸੀ ਹੀ ਲੈ ਲਓ ਕਿੰਨੀ ਵਾਰੀ ਬਰੂਸ ਨੇ ਇਹ ਨੂੰ ਇਨਵਾਈਟ ਕੀਤਾ ਹੈ । ਉਹ ਇਕ ਵਾਰੀ ਵੀ ਨਹੀਂ ਆਇਆ ਐਂਵੇ ਹੀ ਮੇਰੇ ਭਰਾ ਦੀ ਫੈਕਟਰੀ ਵਿਚ ਦੋ ਕੁ ਈਸਟ-ਇੰਡੀਅਨ ਕੰਮ ਕਰਦੇ ਆ ਉਹ ਕਿਸੇ ਨਾਲ ਮਿਕਸ ਨਹੀਂ ਹੁੰਦੇ । ਲੰਚ ਰੂਮ ਵਿਚ ਬੈਠੇ ਆਪਣੀ ਜ਼ੁਬਾਨ ਵਿਚ ਗੱਲਾਂ ਕਰਦੇ ਰਹਿੰਦੇ ਹਨ'' । ਜੈਸੀ ਨੂੰ ਉਹਨਾ ਦੀਆਂ ਗੱਲਾਂ ਸੁਣ ਕੇ ਬੜਾ ਦੁੱਖ ਹੋਇਆ । ਉਥੇ ਵੀਹ ਬਾਈ ਕਾਮਿਆਂ ਵਿਚੋਂ ਬਰੂਸ ਹੋਰਾਂ ਦਾ ਗਰੁੱਪ ਹੀ ਤਾਂ ਉਹਦੇ ਨਾਲ ਹੱਸ ਕੇ ਬੋਲਦਾ ਸੀ । ਉਹ ਵੀ ਬਾਕੀਆਂ ਨਾਲੋਂ ਇਹਨਾਂ ਨੂੰ ਜਿਆਦਾ ਪਸੰਦ ਕਰਦਾ ਸੀ ਤੇ ਇਹਨਾਂ ਦਾ ਦੋਸਤ ਬਣਿਆਂ ਰਹਿਣਾ ਚਾਹੁੰਦਾ ਸੀ । ਪਰ ਉਹਦੀਆਂ ਘਰੇਲੂ ਜ਼ਿਮੇਵਾਰੀਆਂ ਉਹਦੇ ਫਰਜ ਉਹ ਨੂੰ ਮਜਬੂਰ ਰਖਦੇ ਆਪਣੀਆਂ ਜ਼ਿਮੇਵਾਰੀਆਂ ਵਾਰੇ ਉਹ ਉਹਨਾਂ ਨੂੰ ਦੱਸਣਾ ਨਹੀਂ ਸੀ ਚਾਹੁੰਦਾ ਕਿਉਂ ਕਿ ਉਹ ਨੂੰ ਪਤਾ ਸੀ ਕਿ ਬਰੂਸ ਹੋਰਾਂ ਲਈ ਇਹ ਸੱਭ ਗਲਾਂ ਫਜ਼ੂਲ ਹਨ । ਇਕ ਵੱਡਾ ਮਜ਼ਾਕ । ਉਹ ਤਾਂ ਕਦੀ ਸਾਲ ਵਿਚ ਇਕ ਦੋ ਵਾਰੀ ਹੀ ਆਪਣੇ ਸਕੇ ਭੈਣ ਭਰਾ ਜਾਂ ਮਾਂ ਪਿਓ ਦੇ ਮਸਾਂ ਆਉਂਦੇ ਜਾਂਦੇ ਸਨ । ਉਹਨਾਂ ਲਈ ਜੈਸੀ ਦਾ ਜੀਵਨ ਬਰਬਾਦ ਜਾ ਰਿਹਾ ਲਗਦਾ ਸੀ । ਉਹਨਾਂ ਲਈ ਇਹ ਸਮਝਣਾ ਅਸੰਭਵ ਗੱਲ ਸੀ ਕਿ ਕੋਈ ਕਿਵੇਂ ਆਪਣੇ ਘਰ ਵਿਚ ਐਨੇ ਜੀਅ ਰੱਖ ਸਕਦਾ ਹੈ । ਉਹਨਾਂ ਲਈ ਤਾਂ ਆਪਣੀ ਔਰਤ ਨਾਲ ਵੀ ਇਕ ਛੱਤ ਥੱਲੇ ਰਹਿਣ ਕਈ ਵਾਰੀ ਔਖਾ ਹੋ ਜਾਂਦਾ ਹੈ । ਉਹਨਾਂ ਦੇ ਮੁਤਾਬਕ ਹਰ ਜਣੇ ਦੀਆਂ ਵੱਖ ਵੱਖ ਆਦਤਾਂ ਹੁੰਦੀਆਂ ਹਨ ਤੇ ਦੂਜੇ ਜਣੇ ਦੀਆਂ ਆਦਤਾਂ ਨੂੰ ਝੱਲਣਾ ਆਪਣੇ ਆਪ ਨੂੰ ਖਤਮ ਕਰਨਾ ਹੁੰਦਾ ਹੈ ।

ਜੈਸੀ ਨੇ ਨਵੇਂ ਸਾਲ ਦੀ ਪਾਰਟੀ ਤੇ ਜਾਣ ਦਾ ਮਨ ਬਣਾ ਲਿਆ । ਦੋ ਵੀਕ ਪਹਿਲਾਂ ਹੀ ਬਰੂਸ ਕੋਲੋਂ ਪੰਦਰਾਂ ਡਾਲਰਾਂ ਦੀਆਂ

ਦੋ ਟਿਕਟਾਂ ਖਰੀਦ ਲਈਆਂ। ਪਾਰਟੀ ਇਕ ਛੋਟੇ ਜਿਹੇ ਹੋਟਲ-ਰੂਮ ਵਿਚ ਕਰਨੀ ਸੀ। ਪੰਦਰਾਂ ਡਾਲਰਾਂ ਵਿਚ ਸ਼ਰਾਬ, ਖਾਣਾ ਤੇ ਡਾਂਸ ਕਰਨ ਲਈ ਸੰਗੀਤ ਸ਼ਾਮਲ ਸੀ, ਉਹ ਨੇ ਹਰਬੰਸ ਨੂੰ ਵੀ ਪਾਰਟੀ ਲਈ ਤਿਆਰ ਕਰਨਾ ਸ਼ੁਰੂ ਕਰ ਦਿਤਾ। ਪਰ ਉਹਨਾਂ ਦੀ ਪਾਰਟੀ ਦੀ ਸਕੀਮ ਵਿਚੇ ਰਹਿ ਗਈ ਜਦੋਂ ਨਵਾਂ ਸਾਲ ਚੜ੍ਹਨ ਤੋਂ ਦੋ ਦਿਨ ਪਹਿਲਾਂ ਹਰਬੰਸ ਦੀ ਚਾਚੀ ਦੇ ਪੋਤਾ ਜੰਮ ਪਿਆ। ਹਰਬੰਸ ਦੇ ਚਾਚਾ ਚਾਚੀ ਇਸ ਖੁਸ਼ੀ ਤੇ ਨਵੇਂ ਸਾਲ ਵਾਲੇ ਦਿਨ ਸਾਰੇ ਰਿਸ਼ਤੇਦਾਰਾਂ ਨੂੰ ਸਦਣਾ ਚ ਹੁੰਦੇ ਸਨ। ਹਰਬੰਸ ਤੇ ਜੈਸੀ ਹੋਰਾਂ ਦਾ ਉਥੇ ਹੋਣਾ ਬਹੁਤ ਜਰੂਰੀ ਸੀ।

ਕੰਮ ਤੋਂ ਛੁੱਟੀਆਂ ਸਨ ਇਸ ਕਰਕੇ ਜੈਸੀ ਨੂੰ ਬਰੂਸ ਦੇ ਸਾਹਮਣੇ ਹੋ ਕੇ ਪਾਰਟੀ ਨਾ ਜਾ ਸਕਣ ਦੀ ਗੱਲ ਨਾ ਦਸਣੀ ਪਈ। ਪਰ ਜੈਸੀ ਨੂੰ ਇਸ ਸੋਚ ਨੇ ਘੇਰ ਰੱਖਿਆਂ ਕਿ ਬਰੂਸ ਹੋਰੀਂ ਉਹਦਾ ਪਾਰਟੀ ਵਿਚ ਸ਼ਾਮਲ ਨਾ ਹੋਣਾ ਬੁਰਾ ਮਨਾਉਣਗੇ। ਰੋਨ, ਐਲ ਤੇ ਡੌਫੀ ਵਾਰੇ ਸੋਚ ਕੇ ਉਹਦਾ ਦਿਲ ਬਹੁਤ ਖਰਾਬ ਹੋਇਆ। ਉਸ ਨੂੰ ਪਤਾ ਨਹੀਂ ਸੀ ਲਗਦਾ, ਕਿ ਉਹ ਕਿਵੇਂ ਉਹਨਾਂ ਨੂੰ ਸਮਝਾਵੇਗਾ ਕਿ ਉਹਦਾ ਰਿਸ਼ਤੇਦਾਰਾਂ ਦੇ ਜਾਣਾ ਕਿੰਨਾ ਜਰੂਰੀ ਸੀ। ਉਹਨੇ ਬਰੂਸ ਨੂੰ ਫੋਨ ਕਰਨ ਵਾਰੇ ਸੋਚਿਆ ਪਰ ਫੇਰ ਆਪ ਹੀ ਇਰਾਦਾ ਢਾਹ ਲਿਆ ਨਵੇਂ ਸਾਲ ਦੀਆ ਛੁੱਟੀਆਂ ਉਹ ਇਸ ਗੱਲ ਵਾਰੇ ਸੋਚਦਾ ਰਿਹਾ।

ਛੁੱਟੀਆਂ ਤੋਂ ਬਾਅਦ ਜਿਸ ਦਿਨ ਉਹ ਕੰਮ ਤੇ ਗਿਆ ਤਾਂ ਉਹ ਚਾਹੁੰਦਾ ਸੀ ਬਰੂਸ ਨਾਲ ਪਾਰਟੀ ਤੇ ਨਾ ਆ ਸਕਣ ਵਾਰੇ ਗਲਬਾਤ ਕਰੇ ਤੇ ਆਪਣੀ ਮਜਬੂਰੀ ਦੱਸਣ ਦੀ ਕੋਸ਼ਿਸ਼ ਕਰੇ। ਗੋਰੇ ਛੁੱਟੀਆਂ ਤੋਂ ਬਾਅਦ ਤਕਰੀਬਨ ਸਾਰੇ ਹੀ ਸ਼ਰਾਬ ਦੇ ਭੰਨੇ ਹੋਏ। ਸਾਰੇ ਚੁੱਪ ਚਾਪ ਆਪਣੇ ਆਪਣੇ ਕੰਮੀ ਲੱਗੇ ਰਹੇ। ਜੈਸੀ ਦੋ ਕੁ ਦਿਨ ਦੇਖਦਾ ਰਿਹਾ ਪਰ ਉਹ ਦਾ ਮੌਕਾ ਨਾ ਲੱਗਾ ਬਰੂਸ ਨਾਲ ਗਲ ਕਰਨ ਦਾ। ਚੌਥੇ ਦਿਨ ਲੰਚ ਵੇਲੇ ਬਰੁਸ ਹੋਰੀਂ ਪਾਰਟੀ ਤੇ ਖਿਚੀਆਂ ਪਿਕਚਰਾਂ ਦੇਖ ਰਹੇ ਸਨ। ਜੈਸੀ ਵੀ ਉਹਨਾਂ ਕੋਲ ਖੜ ਗਿਆ। ਪਿਕਚਰਾਂ ਵਿਚ ਸਾਰੇ ਸ਼ਰਾਬੀ ਦਿਖਾਈ ਦੇ ਰਹੇ ਸਨ। ਕੁਝ ਇਕ ਪਿਕਚਰਾਂ ਵਿਚ ਉਹ ਕੋਈ ਖੇਡ ਖੇਡ ਰਹੇ ਦਿਖਾਈ ਦੇ ਰਹੇ ਸਨ। ਕਿਸੇ ਦੀ ਵਹੁਟੀ ਕਿਸੇ ਨਾਲ ਘੁਲ ਰਹੀ ਸੀ, ਕਿਸੇ ਦੀ ਕਿਸੇ ਹੋਰ ਨਾਲ। ਐਲ ਦੀ ਵਹੁਟੀ ਟੈਡ ਨਾਲ ਜੱਫੀ ਪਾਈ ਸ਼ਰਾਬੀ ਮੁਸਕਰਾਹਟ ਖਿਲਾਰ ਰਹੀ ਸੀ। ਜਿਮ ਨੇ ਰੋਨ ਦੀ ਵਹੁਟੀ ਦਾ ਕਲਾਵਾ ਭਰਿਆ ਹੋਇਆਂ ਸੀ। ਇਕ ਪਿਕਚਰ ਵਿਚ ਰੋਨ ਦੇਖ ਬੜੇ ਖੁਸ਼ ਹੋ ਰਹੇ ਸਨ ਤੇ ਨਾਲੋਂ ਨਾਲ ਪਿਕਚਰ ਖਿੱਚੇ ਜਾਣ ਵੇਲੇ ਹਾਲਾਤ ਯਾਦ ਕਰ ਇਕ ਦੂਜੇ ਨੂੰ ਦੱਸ ਰਹੇ ਸਨ ਜੈਸੀ ਜਿਉਂ ਜਿਉਂ ਪਿਕਚਰਾਂ ਦੇਖਦਾ ਰਿਹਾ ਨਾਲ ਨਾਲ ਖਿਆਲਾਂ ਵਿਚ ਬਦਲਦੀ ਹਰਬੰਸ ਦੀ ਤਸਵੀਰ ਵੀ ਵੀ ਦੇਖਦਾ ਰਿਹਾ ਜੇ ਉਹ ਪਾਰਟੀ ਤੇ ਗਏ ਹੁੰਦੇ ਪਿਕਚਰਾਂ ਦੇਖ ਕੇ ਉਹ ਨੂੰ ਲੱਗਾ ਕਿ ਉਹ ਕਦੀ ਵੀ ਅਜਿਹੀ ਪਾਰਟੀ ਤੇ ਹਰਬੰਸ ਨੂੰ ਨਾਲ ਲੈ ਕੇ ਨਹੀਂ ਸੀ ਜਾ ਸਕਦਾ। ਉਹ ਦਾ ਆਪਣਾ ਦਿਲ ਕੱਚਾ ਹੋ ਰਿਹਾ ਸੀ ਇਸ ਬੇਸ਼ਰਮ ਜਹੇ ਸਭਿਆਚਾਰ ਉਤੇ ਉਹ ਨੇ ਸੋਚਿਆ ਕੇ ਸਿਰਫ ਬਰੁਸ ਹੋਰਾਂ ਨੂੰ ਖੁਸ਼ ਰੱਖਣ ਲਈ ਉਹ ਆਪਣੇ ਆਪ ਨੂੰ ਕਿਉਂ ਗਿਰਾਏ। ਉਹ ਦਿਲ ਵਿਚ ਜਿਹੜਾ ਘਟੀਆਪਨ ਮਹਿਸੂਸ ਕਰ ਰਿਹਾ ਸੀ ਉਹ ਮੁੱਠੀ ਚੋਂ ਰੇਤੇ ਵਾਂਗ ਕਿਰ ਗਿਆ। ਉਹਨੇ ਬਰੂਸ ਹੋਰਾਂ ਕੋਲ ਆਪਣੀ ਮਜਬੂਰੀ ਦਸ ਕੇ ਪਾਰਟੀ ਤੇ ਨਾ ਆ ਸਕਣ ਦੀ ਗੱਲ ਕਰਨੀ ਫਜ਼ੂਲ ਸਮਝੀ।


# A FANTASTIC INSURANCE PROGRAMME

## Available in Canada UP TO $50,000

***NOW — a life insurance policy that GUARANTEES EVERY CENT OF YOUR MONEY BACK anytime you ask — after premiums have been paid and the policy has been in force for two years.***

***For further information please feel free to call without obligation:***

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.



JAGJIT SINGH SIDHU M.A.

## SEABOARD LIFE INSURANCE COMPANY

**202 - 4640 No. 3 rd. Richmond, B.C. Office 273-2961**

# ਕਮਿਊਨਿਟੀ ਮਸਲੇ

— ਉੱਜਲ ਦੋਸਾਂਝ

ਕੁੱਝ ਦਿਨ ਹੋਏ ਤੁਸੀਂ ਅਖ਼ਬਾਰਾਂ ਵਿਚ ਇਸ਼ਤਿਹਾਰ ਛੱਪੀ ਮਜ਼ਦੂਰਾਂ ਦੀਆਂ ਤਸਵੀਰਾਂ ਦੇਖੀਆਂ ਹੋਣਗੀਆਂ। ਉਹ ਸਨ ਹਿੰਦੁਸਤਾਨੀ ਮਜ਼ਦੂਰ ਜਿਨ੍ਹਾਂ ਨੂੰ ਕਈ ਹਫ਼ਤਿਆਂ ਤੋਂ ਤਨਖਾਹ ਨਹੀਂ ਮਿਲੀ ਸੀ। ਫ਼ਾਰਮਰ ਨੇ ਤਕਰੀਬਨ ਉਨ੍ਹਾਂ ਦਾ $ 40.000 ਦੇਣਾ ਸੀ। ਪਰ ਫ਼ਾਰਮਰ ਨੇ ਉਨ੍ਹਾਂ ਨੂੰ "ਕਮਲੇ ਹਰਾਮਜ਼ਾਦੇ" ਕਹਿ ਕੇ ਪੁਕਾਰਿਆ ਸੀ ਅਤੇ ਤਨਖਾਹ ਦੇਣੋਂ ਨਾਂਹ ਕਰ ਦਿੱਤੀ ਸੀ। "ਫਾਰਮ ਵਰਕਰਜ਼ ਆਰਗੇਨਾਈਜ਼ਿੰਗ ਕਮੇਟੀ" ਨੇ ਉਥੇ ਉਸ ਫਾਰਮਰ ਦੇ ਖੇਤਾਂ ਵਿਚ "ਪਿਕਟਿੰਗ" ਸ਼ੁਰੂ ਕਰਵਾ ਕੇ – ਮਜ਼ਦੂਰਾਂ ਦੀ ਅਗਵਾਈ ਕਰਕੇ ਇਕ ਦੋ ਘੰਟੇ ਦੇ ਅੰਦਰ ਅੰਦਰ ਹੀ ਬਹੁਤ ਸਾਰੇ ਮਜ਼ਦੂਰਾਂ ਦੀਆਂ ਤਨਖਾਹਾਂ ਫਾਰਮਰ ਤੋਂ ਵਸੂਲ ਕਰਵਾ ਲਈਆਂ ਸਨ। ਇਸ ਨਾਲ ਖੇਤ ਮਜ਼ਦੂਰਾਂ ਦੀ ਜੱਥੇਬੰਦੀ ਦਾ ਇਕ ਹੋਰ ਮੀਲ ਪੱਥਰ ਕਾਇਮ ਹੋ ਗਿਆ। ਮਜ਼ਦੂਰ ਇੱਕਠੇ ਹੋ ਕੇ ਕਿਸੇ ਫਾਰਮ ਦਾ ਬਾਈਕਾਟ ਕਰਕੇ 'ਪਿਕਟ ਲਾਈਨ' ਲਾਉਣ, ਤਾਂ – ਉਨ੍ਹਾਂ ਨੂੰ ਨਿਰਸੰਦੇਹ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ 'ਚ ਕਾਮਯਾਬੀ ਮਿਲੇਗੀ।

ਇਸ ਸਾਰੇ ਸਾਕੇ ਦੇ ਸਿੱਟੇ ਵਜੋਂ ਬੀ. ਸੀ. ਦੀ ਫਾਰਮਿੰਗ ਕਮੇਟੀ ਵਿਚ ਖੇਤ ਮਜ਼ਦੂਰਾਂ ਦੀ ਤਾਕਤ ਦੀ ਧਾਂਕ ਪੈ ਗਈ ਹੈ। ਨਿਰਸੰਦੇਹ ਖੇਤ ਮਜ਼ਦੂਰਾਂ ਦੀ ਜੱਥੇਬੰਦੀ ਨੂੰ ਆਪਣੇ ਅਧਿਕਾਰਾਂ ਦੀ ਪ੍ਰਾਪਤੀ 'ਚ ਕਾਮਯਾਬੀ ਹੁੰਦੀ ਰਹੇਗੀ ਅਤੇ ਇਨ੍ਹਾਂ ਮਜ਼ਦੂਰਾਂ ਦੀਆਂ "ਵਰਕਿੰਗ ਕੰਡੀਸ਼ਨਜ਼" ਵੀਹਵੀਂ ਸਦੀ ਦੇ ਅਨੁਕੂਲ ਬਣ ਕੇ ਹੀ ਰਹਿਣਗੀਆਂ।

ਜਿਵੇਂ ਪਿਛਲੇ ਅੰਕ ਵਿਚ ਦੱਸਿਆ ਗਿਆ ਸੀ – "ਫਰੇਜ਼ਰ ਵੈਲੀ" ਵਿਚ ਬਹੁਤੇ "ਸੀਜ਼ਨਲ ਫਾਰਮ ਵਰਕਰਜ਼" ਹਿੰਦੁਸਤਾਨੀ ਹਨ, ਸੋ ਇਨ੍ਹਾਂ ਸਾਰੀਆਂ ਤਬਦੀਲੀਆਂ ਦਾ ਸਾਡੀ ਕਮਿਊਨਿਟੀ – ਉੱਪਰ ਵੀ ਅਸਰ ਪਏਗਾ? ਇਸ ਸਾਰੇ ਸੰਘਰਸ਼ ਦੇ ਬਹੁਤ ਸਾਰੇ ਅਸਰ ਹੋਣਗੇ ਅਤੇ ਵੱਖਰੀ ਵੱਖਰੀ ਨਜ਼ਰ ਅਤੇ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਨੂੰ ਵੱਖ ਵੱਖ ਤਰ੍ਹਾਂ ਵਿਚਾਰਿਆ ਜਾ ਸਕਦਾ ਹੈ। ਪਰ ਮੋਟੇ ਤੌਰ ਤੇ ਇਸ ਸਾਰੀ ਜੱਥੇਬੰਦੀ ਦੇ ਤਿੰਨ ਸਿੱਟੇ ਨਿਕਲਣੇ ਜਿਹੜੇ ਸਾਡੀ ਕਮਿਊਨਿਟੀ ਲਈ ਮਹੱਤਵ ਪੂਰਨ ਹਨ।

ਇਹ ਸਾਰਾ ਘੋਲ ਇਕ ਜਮਾਤੀ ਘੋਲ ਹੈ। ਖੇਤ ਮਜ਼ਦੂਰ ਇਕ ਉਨ੍ਹਾਂ ਮਜ਼ਦੂਰਾਂ ਦਾ ਹਿੱਸਾ ਹਨ ਜਿਨ੍ਹਾਂ ਨੂੰ ਅਜੇ ਤੱਕ ਵੀਹਵੀਂ ਸਦੀ ਵਿਚ ਦੂਸਰੇ ਮਜ਼ਦੂਰਾਂ ਵਾਲੇ ਹੱਕ ਹਾਸਲ ਨਹੀਂ ਹਨ। ਆਮ ਕਰਕੇ ਇਹ ਸਖ਼ਤੀ ਮਜ਼ਦੂਰੀ ਕਰਨ ਲਈ ਇੰਮੀਗ੍ਰੈਂਟ ਮਜ਼ਦੂਰ ਹੀ ਪੇਸ਼ ਹੁੰਦੇ ਹਨ ਕਿਉਂਕਿ ਇਸ ਸਮਾਜ ਵਿਚ ਇੰਮੀਗਰੈਂਟ ਮਜ਼ਦੂਰਾਂ ਨੂੰ ਬਾਕੀ ਨੌਕਰੀਆਂ ਬਰਾਬਰਤਾ ਦੇ ਆਧਾਰ ਉੱਪਰ ਤਾਂ ਆਸਾਨੀ ਨਾਲ ਨਹੀਂ ਮਿਲਦੀਆਂ। ਇੱਥੋਂ ਦੇ ਪਹਿਲੇ ਮਜ਼ਦੂਰ ਇਹੋ ਜਿਹੀਆਂ ਸਸਤੀਆਂ ਨੌਕਰੀਆਂ ਕਰਦੇ ਨਹੀਂ। ਸੋ ਇੰਮੀਗਰੈਂਟ ਮਜ਼ਦੂਰ ਘਰਾਂ ਦੀਆਂ ਕਿਸ਼ਤਾਂ ਪੂਰੀਆਂ ਕਰਨ ਲਈ, ਆਪਣੀ ਰੋਟੀ ਤੋਰਨ ਲਈ ਇਹ ਨੌਕਰੀਆਂ ਕਰਦੇ ਹਨ।

ਦੂਸਰੇ ਪਾਸੇ ਇੰਮੀਗਰੈਂਟਾਂ ਵਿਚੋਂ ਹੀ ਕੁੱਝ ਲੋਕ ਉੱਠਦੇ ਹਨ ਜਿਹੜੇ ਉਨ੍ਹਾਂ ਦੀ ਬੇਵਸੀ ਤੋਂ ਫਾਇਦਾ ਉਠਾ ਕੇ ਲੱਖ ਪਤੀ ਬਣ ਜਾਂਦੇ ਹਨ। ਫਿਰ ਇਹ ਲੋਕ ਮਜ਼ਦੂਰਾਂ ਨੂੰ ਆਪਣੇ ਕਾਬੂ ਰੱਖਣ ਲਈ ਜਾਗੀਰਦਾਰੀ ਢਾਂਚੇ ਦਾ ਹਰ ਦਾਉ ਪੇਚ ਵਰਤਦੇ ਹਨ। ਰਿਸ਼ਤੇਦਾਰੀਆਂ ਦੇ ਵਾਸਤੇ ਪਾਉਂਦੇ ਹਨ। ਦੋਸਤੀਆਂ ਦੇ ਆਧਾਰ ਤੇ, ਹੋਰ ਜਾਤਿਆਂ ਉਪਰ ਆਪਣੇ ਮਾਲਕ ਅਤੇ ਨੌਕਰ ਦੇ ਰਿਸ਼ਤੇ ਦੀ ਲੀਹ ਰੱਖ ਭਾਰਤ ਤੋਂ ਵਿਰਸੇ 'ਚ ਮਿਲੇ ਜਗੀਰੂ ਢਾਂਚੇ ਦੀਆਂ ਰਵਾਇਤਾਂ ਕਾਇਮ ਰੱਖਦੇ ਹਨ।

ਸਾਡੀ ਕਮਿਊਨਿਟੀ 'ਚ ਆਮ ਕਰਕੇ ਸਿਆਸਤ ਸਾਰੀ ਜਾਂ ਜਗੀਰੂ ਆਧਾਰਾਂ ਉੱਪਰ ਚਲਦੀ ਰਹੀ ਹੈ। ਕੁੱਝ ਕੁ ਜਥੇਬੰਦੀਆਂ ਨੇ ਕੋਸ਼ਿਸ਼ ਜ਼ਰੂਰ ਕੀਤੀ ਹੈ ਕਿ ਸਿਆਸੀ ਜਾਂ ਜਮਾਤੀ ਘੋਲ ਇਸ ਸਤਹ ਤੋਂ ਉੱਪਰ ਉੱਠ ਕੇ ਚਲਾਏ ਜਾਣ। ਪਰ ਉਹ ਜਥੇਬੰਦੀਆਂ ਵੀ ਜਾਗੀਰਦਾਰੀ ਅਤੇ ਸਿਆਸਤ ਵਿਸ਼ਸ਼ ਦੀਆਂ ਰਵਾਇਤਾਂ ਦਾ ਸ਼ਿਕਾਰ ਬਣ ਕੇ ਰਹਿ ਗਈਆਂ। "ਆਈ ਡਬਲਯੂ ਏ." ਨੇ ਜ਼ਰੂਰ ਇਸ ਵਰਤਾਰੇ ਨੂੰ ਦੂਰ ਕਰਨ ਲਈ ਤਕਰੀਬਨ ਸਾਰੇ ਸਿੱਖਾਂ ਦੇ ਮਜ਼ਦੂਰਾਂ ਨੂੰ ਜਥੇਬੰਦ ਕਰਕੇ ਤੋੜਨਾ ਚਾਹਿਆ। ਜੋ ਕੁੱਝ "ਆਈ ਡਬਲਯੂ ਏ" ਨਹੀਂ ਕਰ ਸਕੀ – ਉਸ ਘਾਟ ਨੂੰ ਹੁਣ "ਐਫ. ਡਬਲਯੂ ਓ ਕਮੇਟੀ" ਪੂਰਾ ਕਰੇਗੀ। ਖੇਤ ਮਜ਼ਦੂਰਾਂ ਦੀ ਜੱਥੇ-ਬੰਦੀ ਜਿੱਥੇ ਉਨ੍ਹਾਂ ਲਈ ਪੂਰੇ ਹੱਕ ਪ੍ਰਾਪਤ ਕਰੇਗੀ – ਉਸਦੇ ਨਾਲ ਨਾਲ ਭਾਰਤੀ ਕਮਿਊਨਿਟੀ ਦੇ ਜਗੀਰੂ ਅੰਗਾਂ ਉੱਪਰ ਸੱਟ ਵੀ ਮਾਰੇਗੀ। ਠੇਕੇਦਾਰ ਰਿਸ਼ਤੇਦਾਰੀਆਂ, ਦੋਸਤੀਆਂ ਦੇ ਅਧਾਰ ਉੱਪਰ ਆਪਣੀਆਂ ਬੈਲਾਂ ਭੇਡਾਂ ਦੀ ਤਰ੍ਹਾਂ ਇਨਸਾਨਾਂ ਨੂੰ ਭਰ ਕੇ ਫਾਰਮਾਂ ਦੇ ਦਰ ਤੇ ਪੇਸ਼ ਨਹੀਂ ਕਰ ਸਕਣਗੇ।

ਸਾਡੀ ਕਮਿਊਨਿਟੀ ਸਦਾ ਇਸ ਗੱਲ ਦਾ ਸ਼ਿਕਾਰ ਰਹੀ ਹੈ ਕਿ ਸਾਡਾ ਕਦੇ ਕਿਸੇ ਮਸਲੇ ਉਪਰ ਏਕਾ ਨਹੀਂ ਹੋਇਆ। ਲੇਕਿਨ ਏਕਾ ਕਿਸ ਦਾ, ਕਾਹਦੇ ਲਈ ਅਤੇ ਕਿਉਂ? ਇਹ ਮਹੱਤਵ ਪੂਰਨ ਸਵਾਲ ਹਨ। ਖੇਤ

ਮਜ਼ਦੂਰਾਂ ਦੇ ਏਕੇ ਨਾਲ ਜਿੱਤੇ ਗਏ ਘੋਲਾਂ ਤੋਂ ਇਹ ਸਾਬਤ ਹੋਵੇਗਾ ਕਿ ਭਾਰਤੀ ਲੋਕਾਂ ਦਾ ਏਕਾ ਹੈ। ਇਹ ਏਕਾ ਜਮਾਤੀ ਹੈ। ਜਿਸਦੇ ਖ਼ਾਸ ਮਸਲਿਆਂ ਉੱਪਰ ਅਧਾਰਿਤ ਇਹ ਏਕਾ ਪ੍ਰਾਪਤ ਕੀਤਾ ਜਾ ਸਕਦਾ ਹੈ। ਜੇਕਰ ਏਕਾ ਹੋ ਜਾਵੇ – ਤਾਂ ਇਸ ਦੇ ਸਾਹਮਣੇ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ। ਲੇਕਿਨ ਇਸ ਸਭ ਤੋਂ ਇਹ ਸਿੱਧ ਹੋਵੇਗਾ ਕਿ ਭਾਰਤੀ ਲੋਕਾਂ ਦਾ ਏਕਾ ਬੜੀ ਆਸਾਨੀ ਨਾਲ, ਮਸਲਿਆਂ ਉੱਪਰ ਅਧਾਰਿਤ, ਜਮਾਤੀ ਅਤੇ ਸਾਂਝੇ ਘੋਲਾਂ ਲਈ ਹੋ ਸਕਦਾ ਹੈ। ਉਹ ਅੰਸ਼ ਜੋ ਇਸ ਏਕੇ ਵਿਚ ਸ਼ਾਮਲ ਨਹੀਂ ਹੋ ਸਕਦੇ ਉਹ ਲੋਕ-ਅੰਸ਼ ਨਹੀਂ ਹਨ ਅਤੇ ਉਹਨਾਂ ਦੀ ਮਦਦ ਲੈਣ ਦੀ ਜਾਂ ਉਹਨਾਂ ਨਾਲ ਏਕਾ ਕਰਨ ਦੀ ਜ਼ਰੂਰਤ ਨਹੀਂ ਹੈ।

ਜੇਕਰ ਸਾਡੇ ਏਕੇ ਦੀ ਧਾਰ – ਜਮਾਤੀ ਅਤੇ ਮਸਲਿਆਂ ਉੱਪਰ ਏਕੇ ਦੀ ਧਾਰ ਇਸ ਸਮਾਜ ਵਿਚ ਫੈਲ ਗਈ ਤਦ ਵਿਸ਼ਵਾਸੀ ਤੌਰ ਪੁਰ ਸਾਡੀ ਕਦਰ ਬ ਘੱਟ ਤੋਂ ਘੱਟ ਇੰਨਾ ਦਾਅਵਾ ਹੋ ਸਕੇਗਾ ਕਿ ਜਿੰਨੀਆਂ ਭੀ ਘੱਟ ਤਨਖਾਹ ਅਤੇ ਭੈੜੀਆਂ ਕੰਮ ਹਾਲਤਾਂ ਵਾਲੀਆਂ ਨੌਕਰੀਆਂ ਜਿਸਦੇ ਸਾਨੂੰ ਹੀ ਨਹੀਂ ਕਰਨੀਆਂ ਪੈਣਗੀਆਂ।

ਕਈ ਵਿਅਕਤੀ ਸਦਾ ਆਪਣੀ ਕਮਿਊਨਿਟੀ ਦਾ "ਇਮੇਜ" ਬਦਲਣ ਦੀ ਗੱਲ ਕਰਦੇ ਰਹਿੰਦੇ ਹਨ – "ਕਮਿਊਨਿਟੀ ਬਦਲੇਗੀ ਤਾਂ "ਇਮੇਜ" ਬਦਲਣ ਦੀ ਲੋੜ ਨਹੀਂ ਰਹੇਗੀ। ਜਿਸਦੇ ਫ਼ੁਸਲਿਆਂ ਦੀਆਂ ਅੱਖਾਂ ਦੇ ਸ਼ੀਸ਼ਿਆਂ ਦਾ ਰੰਗ ਬਦਲਣ ਅਤੇ ਆਪਣੀ ਕਮਿਊਨਿਟੀ ਨੂੰ ਬਦਲਣ ਦੀ ਲੋੜ ਹੈ।"

ਸਾਡੀ ਕਮਿਊਨਿਟੀ ਦੀ ਤਰੱਕੀ ਵਿਚ ਖੇਤ ਮਜ਼ਦੂਰਾਂ ਦੀ ਜੱਥੇਬੰਦੀ ਦੀ ਕਾਮਯਾਬੀ ਇਕ ਖ਼ਾਸ ਮੀਲ-ਪੱਥਰ ਹੋਵੇਗੀ।

---

ਸਫ਼ਾ 22 ਦੀ ਬਾਕੀ

ਦਰਬਾਰੇ ਪਰਵਾਨ ਹੋਣ ਲਈ ਤਿਗੜਮਬਾਜ਼ੀਆਂ ਨਹੀਂ ਕਰਦੇ। ਦੂਜਾ ਦਰਵਾਜ਼ਾ ਹੈ—ਜਾਹਲੀ, ਰਸੀਦੀਏ ਲੇਖਕਾਂ ਲਈ ਜੋ 'ਸ਼ਾਰਟ ਕੱਟ' ਰਾਹੀਂ, ਚਰਚਾ ਕਰਵਾ ਕੇ, ਸ਼ਕਲਾਂ ਦਿਖਾ ਕੇ, ਜਿਸਮ ਘੁਮਾ ਕੇ, ਚੁਸਤੀ ਚਲਾ ਕੇ ਜਾਂ ਲੋਰਾਂ ਵਗਾ ਕੇ ਦਾਖ਼ਲ ਹੁੰਦੇ ਹਨ, ਇਨਾਮ ਲੈਂਦੇ ਹਨ, ਅਨੁਵਾਦ ਕਰਵਾ ਕਰਵਾ ਝੂਠੀ ਪ੍ਰਸਿੱਧੀ ਹਾਸਲ ਕਰਦੇ ਹਨ। ਪਰ ਸਮਾਂ ਪਿਛਲੇ ਪਾਸੇ ਨੂੰ ਗੰਦ ਅਤੇ ਗਟਰ ਲਈ ਰਾਖਵਾਂ ਛੱਡ ਦੇਂਦਾ ਹੈ।

ਜਿਹੜੇ ਵਿਅਕਤੀ ਸਾਹਿਤ ਦੇ ਨਾਂਅ ਉਤੇ ਪਤੰਗਬਾਜ਼ੀ ਕਰ ਰਹੇ ਹਨ, ਆਪਣੇ ਮੂੰਹ ਦੀਆਂ ਝੁਰੜੀਆਂ ਤੋਂ ਘਬਰਾ ਕੇ ਮੁਹੱਬਤ ਦੇ ਕਫ਼ਨ ਵੇਚਦੇ ਫਿਰਦੇ ਹਨ, ਆਪਣੇ ਆਪ ਨੂੰ ਸਾਹਿਤ ਦਾ ਬਦਲ ਮੰਨ ਰਹੇ ਹਨ, ਪੂਰੀ ਦੀ ਪੂਰੀ ਪੀੜ੍ਹੀ ਨੂੰ ਗੁਮਰਾਹ ਕਰਨ ਉਤੇ ਤੁਲੇ ਹੋਏ ਹਨ, ਜਾਂ ਜਿਹੜੇ ਥਾਂ ਥਾਂ ਸਾਹਿਤ ਦਾ ਸੁਰਮਾ ਵੇਚਦੇ ਫਿਰਦੇ ਹਨ, ਜੋ ਅਜ ਐਮਰਜੈਂਸੀ ਦੇ ਹੱਕ ਵਿਚ ਬੋਲਦੇ ਹਨ ਕਲ੍ਹ ਉਹਦੇ ਖਿਲਾਫ਼, ਜੋ ਇਕੋ ਵਿਚਾਰ ਨੂੰ ਬਾਰ ਬਾਰ ਦੁਹਰਾ ਕੇ ਸੁੱਤਿਆਂ ਦਾ ਉਲੂ ਬਣਾਂਦੇ ਅਤੇ ਆਪ ਮੁੱਛਾਂ ਵਿਚ ਦੀ ਮੁਸਕ੍ਰਾਂਦੇ ਹਨ, ਜੋ ਸਵੇਰੇ ਅਕਾਲੀ, ਦੁਪਹਿਰੇ ਕਾਂਗਰਸੀ ਅਤੇ ਸ਼ਾਮ ਨੂੰ ਮਾਰਕਸਵਾਦੀ ਬਣ ਜਾਂਦੇ ਹਨ ਅਤੇ ਜੋ ਜਾਣਦੇ ਹਨ ਕਿ ਉਹ ਕੀ ਕਰ ਰਹੇ ਹਨ ਤੇ ਜੋ ਕਰ ਰਹੇ ਹਨ ਗ਼ਲਤ ਕਰ ਰਹੇ ਹਨ, ਫਿਰ ਵੀ ਇਹ ਸਾਰਾ ਕੁਝ ਕਰਦੇ ਜਾ ਰਹੇ ਹਨ, ਗੰਦ ਫੈਲਾਈ ਜਾ ਰਹੇ ਹਨ—ਉਨ੍ਹਾਂ ਲਈ ਥਾਂ ਇਤਿਹਾਸ ਦੇ ਗਟਰ ਵਿਚ ਨਿਸ਼ਚਿਤ ਤਾਂ ਹੈ ਹੀ, ਪਰ ਸਵਾਲ ਇਹ ਬਣਿਆ ਹੋਇਆ ਹੈ ਕਿ ਇਨ੍ਹਾਂ ਦਾ ਐਸ ਵੇਲੇ ਹੁਣ ਸਾਹਮਣਾ ਕਿਵੇਂ ਕੀਤਾ ਜਾਵੇ ?

– ਪੰਜਵਾਂਦ ਸਾਹਿਤ ਅੰਕ ਵਿਚੋਂ

---


## ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:

i) ਨਵਾਂ ਪਤਾ
ii) ਫਿਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫ਼ੋਨ ਨੰਬਰ

ਸਾਨੂੰ ਭੇਜੋ!

---




# ਤਿੰਨ ਕੋਣ

ਕੈਨੇਡਾ ਦੇ ਤਿੰਨ ਨੌਜਵਾਨ ਪੰਜਾਬੀ ਕਵੀਆਂ ਦਾ ਸਾਂਝਾ ਕਾਵਿ ਸੰਗ੍ਰਹਿ ਹੱਥ ਨਾਲ ਲਿਖੀ ਗਈ ਇਹ ਪੁਸਤਕ ਕੈਨੇਡਾ ਵਿਚ ਹੀ ਪ੍ਰਕਾਸ਼ਤ ਕੀਤੀ ਗਈ ਹੈ। ਖ਼ਰੀਦਣ ਵਾਸਤੇ ਵਤਨੋਂ ਦੂਰ ਦੇ ਦਫ਼ਤਰ ਨੂੰ ਲਿਖੋ। ਕੀਮਤ ਤਿੰਨ ਡਾਲਰ।

● ਪ੍ਰਕਾਸ਼ਕ:
ਵਤਨੋਂ ਦੂਰ ਪਬਲੀਕੇਸ਼ਨਜ਼
ਪੋਸਟ ਬਾਕਸ 67681
ਪੋਸਟਲ ਸਟੇਸ਼ਨ 'ਓ'
ਵੈਨਕੂਵਰ, ਬੀ.ਸੀ., ਕੈਨੇਡਾ, V5W 3V2

## ਹਾਸ਼ੀਏ ਦੇ ਇਸ ਪਾਰ

ਗੁਰਬਚਨ

ਮੋਲੀਏਰ ਦੇ ਇਕ ਪਾਤਰ ਨੂੰ ਸਾਰੀ ਉਮਰ ਪਤਾ ਹੀ ਨਾ ਲਗਾ ਕਿ ਉਹ ਵਾਰਤਕ ਬੋਲਦਾ ਰਿਹਾ ਹੈ। ਜਦੋਂ ਪਤਾ ਲਗਾ ਤਾਂ ਹੈਰਾਨ ਹੋਇਆ। ਪੰਜਾਬੀ ਦੇ ਬਹੁਤੇ ਬੁੱਧੀਜੀਵੀ ਮੋਲੀਏਰ ਦੇ ਪਾਤਰ ਨਹੀਂ। ਉਹ ਇਸ ਯੁਗ ਵਿਚ ਰਹਿੰਦੇ ਹਨ ਅਤੇ ਇਸ ਦੀਆਂ ਸੁਰਾਂ ਖੂਬ ਪਹਿਚਾਣਦੇ ਹਨ। ਕਿਉਂਕਿ ਉਹ ਆਲੂ ਨਹੀਂ ਵੇਚਦੇ ਜਾਂ ਹੋਟਲ ਦਾ ਧੰਦਾ ਨਹੀਂ ਕਰਦੇ, ਇਸ ਲਈ ਆਪਣੇ ਕਿੱਤੇ ਦੇ ਸਦਕਾ ਬੁੱਧੀਜੀਵੀ ਅਖਵਾਣ ਦੇ ਹੱਕਦਾਰ ਹਨ (ਭਾਵੇਂ ਯੂਨੀਵਰਸਿਟੀਆਂ ਵਿਚ ਪ੍ਰੋਫੈਸਰੀਅ ਕਰਦੇ ਉਹ ਵਰ੍ਹਿਆਂ ਤੋਂ ਝੂਸੀਆਂ ਮਾਰ ਰਹੇ ਹਨ ਤੇ ਬੈਠੇ ਬੈਠੇ ਬੁੱਢੇ ਹੋ ਰਹੇ ਹਨ) ਉਨ੍ਹਾਂ ਪਾਸ ਆਪਣੀ ਅਗਿਆਨਤਾ ਦਾ ਸੱਚ ਹੈ। ਇਹ ਸੱਚ ਕੰਧ ਉਤੇ ਚਿਪਕੇ ਫੂਹੜ ਸਿਨੇਮਾ ਪੋਸਟਰ ਵਾਂਗ ਹੈ, ਜੋ ਸਮੇਂ ਨਾਲ ਫੱਟ ਗਿਆ ਹੈ। ਪਰ ਇਨ੍ਹਾਂ ਦੀ ਮੋਲੀਏਰ ਦੇ ਪਾਤਰ ਵਾਂਗ ਕਦੇ ਆਪਣੇ ਇਸ ਪੋਸਟਰ ਉਤੇ ਹੈਰਾਨ ਹੋਣ ਦੀ ਸੰਭਾਵਨਾ ਨਹੀਂ।

ਇਹ ਚੁਪ ਹਨ। ਬੋਲੇ ਇਹ ਕਦੇ ਵੀ ਨਹੀਂ ਸਨ। ਬੋਲਣ ਲਈ ਸੋਚ ਚਾਹੀਦੀ ਹੈ ਅਤੇ ਸੋਚ ਲਈ ਬੁੱਧੀ। ਜਦੋਂ ਬੁੱਧੀ ਦਾ ਫਿਊਜ਼ ਉਡ ਚੁਕਾ ਹੋਵੇ ਤਾਂ ਹਨੇਰੇ ਵਿਚ ਤੁਸੀਂ ਕੁਝ ਵੀ ਕਰ ਸਕਦੇ ਹੋ, ਕਿਸੇ ਜਗ੍ਹਾ ਵੀ ਗੰਦ ਫੈਲਾ ਸਕਦੇ ਹੋ। ਇਨ੍ਹਾਂ ਨੂੰ ਹਨੇਰੇ ਨਾਲ ਮੋਹ ਹੈ। ਇਸ ਤੋਂ ਬਾਹਰ ਆ ਕੇ ਇਹ ਹਕੀਕਤ ਦੇ ਸਪਰਸ਼ ਨਾਲ ਭਸਮ ਹੋ ਜਾਣਗੇ। ਇਹ "ਬੁੱਧੀਜੀਵੀ" ਸ.ਸ. ਮੀਸ਼ਾ ਵਾਂਗ 'ਧੀਮੇਂ ਬੋਲਾਂ ਵਾਲੇ' ਜੀਵ ਹਨ। ਉਸ ਵਾਂਗ ਹੀ ਸਲੀਕਾ, ਮਿਠਾਸ, ਮੁਸਕ੍ਰਾਹਟ। ਇਹ ਸਭ ਕੁਝ ਉਨ੍ਹਾਂ ਦੀ ਫ਼ਿਤਰਤ ਦਾ ਹਿੱਸਾ ਨਹੀਂ, ਜੀਵਨ-ਜਾਚ ਦੀ ਜਿਉਮੈਂਟਰੀ ਹੈ। ਇਸੇ ਕਰਕੇ ਇਨ੍ਹਾਂ ਵਿਚੋਂ ਬਹੁਤੇ ਪ੍ਰੀਤ-ਲੜੀ ਦੇ ਕਾਇਲ ਰਹੇ ਹਨ।

ਜਦੋਂ ਦੀਆਂ ਪੰਜਾਬੀ ਅਤੇ ਗੁਰੂ ਨਾਨਕ ਯੂਨੀਵਰਸਿਟੀਆਂ ਵਿਚ ਪੰਜਾਬੀ ਦੇ ਨਾਂਅ ਉਤੇ ਨੌਕਰੀਆਂ ਦੀਆਂ ਆਸਾਮੀਆਂ ਪੈਦਾ ਹੋਈਆਂ ਹਨ, ਉਦੋਂ ਦਾ ਪੰਜਾਬੀ ਅਕਾਦਮਿਕ ਅਦਾਰਿਆਂ ਵਿਚ ਸੱਟਾ-ਬਾਜ਼ਾਰ ਖੁਲ੍ਹ ਗਿਆ ਹੈ। ਪੀ. ਐਚ. ਡੀ. ਕਰਨ ਵਾਲਿਆਂ ਦੀ ਆਬਾਦੀ ਦੀ ਰਫਤਾਰ ਹੌਲੇ ਹੌਲੇ ਸਮੁੱਚੀ ਭਾਰਤੀ ਵਸੋਂ ਦੀ ਰਫਤਾਰ ਦੇ ਨੇੜੇ ਤੇੜੇ ਪੁਜ ਰਹੀ ਹੈ। ਕਈਆਂ ਨੂੰ ਡਿਗਰੀਆਂ ਲੈਣ ਦੀ ਕਾਹਲੀ ਹੈ ਤੇ ਕਈਆਂ ਨੂੰ ਡਿਗਰੀਆਂ ਦੇਣ ਦੀ। ਪੀ. ਐਚ. ਡੀ. ਹੋ ਜਾਂਦੀ ਹੈ ਪਰ ਸਕਾਲਰ ਨੂੰ ਇਸ ਸਾਰੀ ਮਿਹਨਤ ਦਾ ਕੋਈ ਲਾਭ ਨਹੀਂ। ਨਾ ਪੜ੍ਹਾਣ ਵਿਚ ਸਹਾਇਤਾ ਅਤੇ ਨਾ ਸਾਹਿਤ ਸਮਝਣ ਵਿਚ। ਕੁਝ ਸਾਲ ਹੋਏ ਇਕ ਯੂਨੀਵਰਸਿਟੀ ਦੇ ਐਮ. ਲਿਟ. ਦੇ ਥੀਸਸ ਵਿਚ ਇਹ ਲਿਖਿਆ ਹੋਇਆ ਸੀ ਕਿ ਬਾਵਾ ਬਲਵੰਤ ਦੇ ਬਿੰਬ ਰੰਗ-ਬਰੰਗੇ ਹਨ, ਇਸ ਦਾ ਕਾਰਨ ਉਸ ਦੀ ਮੁੱਢ ਤੋਂ ਹੀ ਰੰਗਾਂ ਬਾਰੇ ਸੋਝੀ ਹੈ, ਕਿਉਂਕਿ ਛੋਟੀ ਉਮਰ ਵਿਚ ਉਸ ਨੂੰ ਰੋਟੀ ਕਮਾਉਣ ਲਈ ਲਲਾਰੀ ਦਾ ਕੰਮ ਕਰਨਾ ਪਿਆ ਸੀ !! ਇਸ ਥੀਸਸ ਨੂੰ ਇਕ ਯੂਨੀਵਰਸਿਟੀ ਰੀਡਰ ਜੋ ਸਾਹਿਤ ਅਕਾਡਮੀ ਪੁਰਸਕਾਰ ਵੀ ਲੈ ਚੁਕਾ ਹੈ, ਦੀ ਨਿਗਰਾਨੀ ਵਿਚ ਤਿਆਰ ਕੀਤਾ ਗਿਆ ਸੀ !

ਜਿਹੜੇ ਬੁੱਧੀਜੀਵੀ ਯੂਨੀਵਰਸਟੀ ਵਿਭਾਗਾਂ ਵਿਚ ਜ਼ਰਾ ਚੁਸਤ ਹਨ, ਜਿਨ੍ਹਾਂ ਦੀ ਪ੍ਰਾਪਤੀਆਂ ਦੀ ਲਾਲਸਾ ਅਸੀਮ ਹੈ, ਜੋ ਅਕਸਰ ਮੰਤਰੀਆਂ ਮਗਰ ਲੇਰਾਂ ਵਗਾਂਦੇ ਵੇਖੇ ਜਾਂਦੇ ਹਨ, ਜੋ ਕਰਦੇ ਕੁਝ ਨਹੀਂ ਸਿਰਫ਼ ਬੋਲਦੇ ਹਨ ਅਤੇ ਅਜਿਹਾ ਬੋਲਦੇ ਹਨ ਕਿ ਪੰਜਾਬ ਦੇ ਮਜ਼ਮਾਂਬਾਜ਼ਾਂ ਦੀ ਪਰੰਪਰਾ ਨਿਰੰਤਰ ਕਾਇਮ ਰਹਿਣ ਦੀ ਉਨ੍ਹਾਂ ਤੋਂ ਆਸ ਬੱਝਦੀ ਹੈ ਉਨ੍ਹਾਂ ਦੀ ਜੀਨੀਅਸ ਦਾ ਮੁੱਲ ਪਾਉਣ ਲਈ ਸਰਕਾਰ ਨੇ ਉਨ੍ਹਾਂ ਨੂੰ "ਕੁਰਸੀਆਂ" ਉਤੇ ਸਜਾ ਦਿਤਾ ਹੈ। ਹੁਣ ਇਹ ਬੁੱਧੀਜੀਵੀ ਇਨ੍ਹਾਂ ਕੁਰਸੀਆਂ ਉਤੇ ਸੁਰੱਖਿਅਤ ਬੈਠੇ ਸਰਕਾਰੀ ਟੈਲੀਫੋਨ, ਸਰਕਾਰੀ ਸਟੈਨੋ, ਚਪੜਾਸੀ ਅਤੇ ਸਟੇਸ਼ਨਰੀ ਨਿੱਜੀ ਕੰਮਾਂ ਲਈ ਵਰਤਦੇ ਹਨ ਅਤੇ ਆਜ਼ਾਦ ਹਿੰਦੁਸਤਾਨ ਦੇ ਲਾਭਾਂ ਦੀਆਂ ਖ਼ੁਸ਼ੀਆਂ ਮਾਣਦੇ ਹਨ। ਕੰਮ ਇਨ੍ਹਾਂ ਦਾ ਹੈ ਖੋਜ ਕਰਨੀ ਅਤੇ ਕਰਵਾਣੀ। ਪਰ ਇਹ ਸਾਰਾ ਸਾਲ ਕੀ ਕਰਦੇ ਹਨ, ਕੌਣ ਇਨ੍ਹਾਂ ਪਾਸ ਆਉਂਦਾ ਹੈ, ਇਹ ਕਿਸ ਕਿਸ ਨੂੰ ਮਿਲਦੇ ਹਨ, ਇਨ੍ਹਾਂ ਦਾ ਤੌਰ ਤਰੀਕਾ ਕੀ ਹੈ—ਜੇ ਇਹ ਜਾਣ ਲਵੋ ਤਾਂ ਤੁਹਾਨੂੰ ਇਹ ਕਿਸੇ ਹਾਜੀ ਮਸਤਾਨ ਜਾਂ ਯੂਸਫ ਪਟੇਲ ਤੋਂ ਘਟ ਨਹੀਂ ਜਾਪਣਗੇ। ਪਰ ਇਸ ਸਭ ਕਾਸੇ ਦਾ ਕਿਸ ਨੂੰ ਨਹੀਂ ਪਤਾ ? ਜੇ ਪਤਾ ਸਭ ਨੂੰ ਹੈ, ਅਤੇ ਜੇ ਸਭ ਪਾਸੇ ਚੁਪ-ਚਾਂ ਹੈ ਤਾਂ ਸ਼ੱਕ ਹੁੰਦਾ ਹੈ ਕਿ ਅਸੀਂ ਵੀਹਵੀਂ ਸਦੀ ਵਿਚ ਰਹਿ ਰਹੇ ਹਾਂ, ਸ਼ੱਕ ਹੁੰਦਾ ਹੈ ਕਿ ਅਸੀਂ ਕਿਸੇ ਤਰ੍ਹਾਂ ਦੀ ਚੇਤਨਾ ਦੇ ਮਾਲਕ ਹਾਂ।

ਮਨੁੱਖੀ ਹੋਣੀ ਦਾ ਨਿਰਾਦਰ ਕਰਨ ਵਾਲੇ, ਜਨਮਾਂ-ਜੰਮਾਤਰਾਂ ਤੋਂ ਅਸੁਰੱਖਿਅਤ ਪਰ ਸਮਾਜਕ ਢਾਂਚੇ ਦੀ ਆੜ ਵਿਚ ਆਪਣੇ ਪਿਰਾਮਿਡਾਂ ਉਤੇ ਬੈਠੇ ਹੋਏ ਬੰਧਕ ਦੱਲੇ, ਸਭਿਅਤਾ ਦਾ ਤਹਿਸ-ਨਹਿਸ ਕਰ ਸੁੱਟਣਗੇ। ਪੰਜਾਬ ਦੀ ਬੌਧਕ ਪਰੰਪਰਾ ਕੋਈ ਗੌਰਵਮਈ ਨਹੀਂ, ਪਰ ਵਿਅਕਤੀਗਤ ਪੱਧਰ ਉਤੇ ਇਸ ਨੇ ਅਜਿਹੇ ਇੰਟੈਗ੍ਰਿਟਰੀ ਵਾਲੇ ਪੁਤਰਾਂ ਨੂੰ ਵੀ ਜਨਮ ਦਿਤਾ ਹੈ ਜਿਨ੍ਹਾਂ ਰਾਹੀਂ ਪੰਜਾਬ ਦਾ ਨਾਂ ਉਚਾ ਹੈ। ਪਰ ਅਜ ਮੱਧ-ਸ਼੍ਰੇਣੀ ਨੇ ਇਕ ਅਜਿਹਾ ਰੁਖ਼ ਫੜਿਆ ਹੈ ਕਿ ਹੋਰਨਾਂ ਖੇਤਰਾਂ ਲਈ ਨਿਪੁੰਸਕ ਸਿੱਧ ਹੋਏ ਲੋਕ ਪੰਜਾਬੀ-ਅਧਿਆਪਨ ਅਤੇ ਸਾਹਿਤ-ਖੇਤਰ ਵਿਚ ਦਾਖਲ ਹੋ ਕੇ ਆਪਣੇ ਗੁਲ ਖਿਲਾ ਰਹੇ ਹਨ। ਜਿਨ੍ਹਾਂ ਮਜ਼ਨੇਬਾਜ਼ਾਂ ਨੂੰ ਪੁਲਸ ਦੇ ਟਾਊਟ ਹੋਣਾ ਚਾਹੀਦਾ ਸੀ, ਜਾਂ ਫ਼ਿਲਮ ਇੰਡਸਟਰੀ ਵਿਚ ਐਕਸਟਰਾ-ਸਪਲਾਇਰ ਉਹ ਅਜ ਇਸ ਪਾਸੇ ਆ ਗਏ ਹਨ। ਹੁਣ ਜਦ ਆ ਹੀ ਗਏ ਹਨ ਤਾਂ ਇਨ੍ਹਾਂ ਦਾ ਗੰਦ ਭੋਗਣਾ ਤੁਹਾਡੀ ਸਾਡੀ ਕੋਈ ਮਜਬੂਰੀ ਤਾਂ ਨਹੀਂ ਹੈ ?

ਕਿ ਹੈ ?

ਅਜ ਦੇ ਸਮੇਂ ਵਿਚ ਮਨੁੱਖ ਜਾਂ ਤਾਂ 'ਬਾਸ' ਹੈ ਅਤੇ ਜਾਂ 'ਨੌਕਰ' । ਇਕੋ ਮਨੁੱਖ ਇਕ ਬੰਦੇ ਅਗੇ ਵਿਛਦਾ ਹੈ, ਦੂਜੇ ਹੀ ਪਲ ਆਪਣੇ ਮਾਤਹਿਤ ਜਾਂ ਸਮਾਜਕ ਦ੍ਰਿਸ਼ਟੀ ਤੋਂ ਊਣੇ ਅਗਾਂ ਆਕੜਦਾ ਹੈ, ਉਸ ਨੂੰ ਦਬਾਂਦਾ ਹੈ । ਪਰ ਇਹ ਜੋ ਸਥਿਤੀ ਹੈ ਉਸ ਵਿਚ ਵੀ ਚੇਤੰਨ ਵਿਅਕਤੀ ਅਵਚੇਤਨ ਉਤੇ ਲੋੜੀਂਦਾ ਕਾਬੂ ਪਾ ਕੇ ਆਪਣੀ ਚੇਤਨਾ ਨੂੰ ਉਸਾਰੂ ਬਣਾਨ ਦੇ ਯੋਗ ਹੈ । ਜੇ ਅਜਿਹਾ ਨਾ ਹੋਵੇ ਤਾਂ ਵਿਅਕਤੀਗਤ ਪੱਧਰ ਉਤੇ ਸਾਰੇ ਗਾਰੇ ਵਿਚ ਫਸੇ ਰਹਿਣ । ਇਹ ਉਸਾਰੂ ਚੇਤਨਾ ਹੀ ਚਿੜੀਆਂ ਵਿਚ ਬਾਜ਼ ਨਾਲ ਟੱਕਰ ਲੈਣ ਦੀ ਹਿੰਮਤ ਪੈਦਾ ਕਰਦੀ ਹੈ । ਇਹੀ ਲੇਖਕ ਨੂੰ ਵਿਵੇਕ ਅਤੇ ਆਤਮ-ਵਿਸ਼ਵਾਸ ਦੇਂਦੀ ਹੈ । ਉਸਾਰੂ ਚੇਤਨਾ ਸਭ ਦੇ ਵੱਸ ਹੈ । ਪਰ ਜਿਵੇਂ ਕਿ ਫਰਾਇਡ ਕਹਿੰਦਾ ਹੈ ਕਿ ਮਨੁੱਖ ਦੀ ਹਮੇਸ਼ਾਂ ਇਹੀ ਚਾਹ ਰਹੀ ਹੈ ਕਿ ਉਹ ਮੌਜਾਂ ਮਾਣੇ ਭਾਵੇਂ ਦੂਜੇ ਦੇ ਗਲ ਅੰਗੂਠਾ ਦੇ ਕੇ ਹੀ । ਸਮਾਜਵਾਦ ਵਿਚ ਵਿਕਾਰ ਕਿਉਂ ਆਉਂਦਾ ਹੈ ? ਕਿਉਂ ਉਥੇ ਆਰਥਕ ਸਮਾਨਤਾ ਦੇ ਬਾਵਜੂਦ ਮਨੁੱਖ ਹੌਲੇ ਹੌਲੇ ਉਸ ਵਿਕਾਰ ਵੱਲ ਖਿੱਚਿਆ ਜਾਂਦਾ ਹੈ ਜੋ ਬੁਰਜੁਆ ਮਨੁੱਖ ਦਾ ਖਾਸਾ ਹੈ ? ਕਿਉਂ ਸਾਡੇ ਦੇਸ਼ ਦੇ ਕਾਮਰੇਡ ਸਾਧਾਰਣ ਮਨੁੱਖਾਂ ਨਾਲੋਂ ਵੀ ਵਧੇਰੇ ਸਵਾਰਥੀ ਹਨ ? ਕਿਉਂ ਚੰਗੀ ਜ਼ਿੰਦਗੀ ਅਤੇ ਨੈਤਿਕ ਕੀਮਤਾਂ ਬਾਰੇ ਦਿਨ ਰਾਤ ਸ਼ੋਰ ਪਾਉਣ ਵਾਲਾ ਗੁਰਬਖਸ਼ ਸਿੰਘ ਆਪਣੇ ਸੁਲਝੇ ਹੋਏ ਪਾਠਕਾਂ ਨੂੰ ਘੋਰ ਪਾਖੰਡੀ ਜਾਪਦਾ ਰਿਹਾ ?

ਜ਼ਾਹਿਰ ਹੈ ਕਿ ਅਜ ਦੀ ਸਥਿਤੀ ਵਿਚ ਗੁਸਿਆ ਮਨੁੱਖ ਵਿਕਸਤ ਪੂੰਜੀਵਾਦੀ ਦੇਸ਼ਾਂ ਦੇ ਸੁਲਝੇ ਹੋਏ ਸ਼ਹਿਰੀ ਨਾਲੋਂ ਵੱਧ ਕਮੀਨਗੀ, ਲਾਲਚ, ਪਾਖੰਡ ਦੀ ਖਾਈ ਵਿਚ ਡਿੱਗਣ ਦੇ ਸਮਰਥ ਹੈ । ਪਰ ਜਦੋਂ ਅਸੀਂ ਲੇਖਕ ਜਾਂ ਕਵੀ ਜਾਂ ਕਲਾਕਾਰ ਜਾਂ ਬੁੱਧੀਜੀਵੀ ਬਾਰੇ ਗੱਲ ਕਰਦੇ ਹਾਂ ਤਾਂ ਉਸ ਪਾਸੋਂ ਪਰੰਪਰਾਗਤ ਨੈਤਿਕਤਾ ਦੀ ਆਸ ਨਹੀਂ ਕਰਦੇ ਸਗੋਂ ਉਸ ਚੇਤਨਾ ਦੀ ਆਸ ਕਰਦੇ ਹਾਂ ਜੋ ਲੂਣ ਵੇਚਣ ਵਾਲੇ ਆੜ੍ਹਤੀ ਜਾਂ ਜੀਪ ਵਿਚ ਬੈਠੇ ਸਰਕਾਰੀ ਅਫਸਰ ਵਿਚ ਨਹੀਂ ਹੁੰਦੀ । ਜੇ ਅਜਿਹਾ ਗੁਣ ਸਾਡੇ ਸਾਹਿਤ ਦੇ ਮਿੰਨੀ ਮੁਗਲਾਂ ਅਤੇ ਉਨ੍ਹਾਂ ਦੇ ਅਹਿਲਕਾਰਾਂ ਪਾਸ ਨਹੀਂ ਤਾਂ ਅਸੀਂ ਉਨ੍ਹਾਂ ਨੂੰ ਆਪਣੀਆਂ ਥਾਵਾਂ ਖਾਲੀ ਕਰਨ ਲਈ ਨਹੀਂ ਕਹਿੰਦੇ । ਸਿਰਫ ਚੇਤਾਵਨੀ ਦੇਂਦੇ ਹਾਂ ਕਿ ਇਤਿਹਾਸ ਦੇ ਸਾਰੇ ਪੰਨਿਆਂ ਨੂੰ ਗੰਦਲਾ ਨਹੀਂ ਕੀਤਾ ਜਾ ਸਕਦਾ ।

ਇਥੇ ਮਸਲਾ "ਸਿਧ ਛਿਪ ਬੈਠੇ ਪਰਬਤੀਂ" ਦਾ ਨਹੀਂ, ਮਸਲਾ ਸਾਹਿਤ ਅਤੇ ਸਾਹਿਤ ਅਧਿਆਪਨ ਦੇ ਖੇਤਰ ਵਿਚ ਫੈਲ ਰਹੇ ਉਸ ਵਰਤਾਰੇ ਦਾ ਹੈ ਜੋ ਪਹਿਲਾਂ ਹੀ ਦੇਸ਼ ਦੀ ਸਿਆਸਤ ਦਾ ਹਿੱਸਾ ਬਣਿਆ ਹੋਇਆ ਹੈ । ਕਈ ਵੇਰਾਂ ਇਹ ਸੋਚੀਦਾ ਹੈ ਕਿ ਜੇ ਕੋਈ ਪੰਜਾਬੀ ਬੁੱਧੀਜੀਵੀ ਫਰੀਦ ਚੇਅਰ ਦਾ ਪ੍ਰੋਫੈਸਰ ਨਾ ਹੁੰਦਾ ਤਾਂ ਪਟਿਆਲਾ ਇਮਪਰੂਵਮੈਂਟ ਟਰੱਸਟ ਦਾ ਚੇਅਰਮੈਨ ਹੁੰਦਾ । ਜੇ ਉਹ ਵਿਦਿਆਰਥੀ ਪੜ੍ਹਾਂਦਾ ਸ਼ਬਦ ਕੋਸ਼ ਬਣਾਨ ਦੀ ਨੌਕਰੀ ਕਰ ਸਕਦਾ ਹੈ, ਅਤ ਉਸ ਨੌਕਰੀ ਨੂੰ ਵਿਚੇ ਛੱਡ ਕੇ ਮਧਕਾਲੀਨ ਸਾਹਿਤ ਦਾ ਪ੍ਰੋਫੈਸਰ ਬਣ ਸਕਦਾ ਹੈ, ਅਤੇ ਪੰਜਾਬੀ ਸਾਹਿਤ ਬਾਰੇ ਠਕੇ ਉਤੇ ਅਖ਼ਬਾਰਾਂ ਵਿਚ ਲਿਖਦਾ ਹੋਇਆ ਜੇ ਉਹ ਪੰਜਾਬ ਵਿਚ ਛਪੀਆਂ ਅਖ਼ਬਾਰਾਂ ਦੇ ਸੰਪਾਦਕੀਆਂ ਦੀ ਸਾਰ ਹਰ ਹਫਤੇ ਪੈਸੇ ਦੀ ਖਾਤਰ, ਛਪਵਾ ਸਕਦਾ ਹੈ, ਤੇ ਜੇ ਉਹ ਇਕ ਪਾਸੇ 'ਸਿਘ ਸਭਾ ਸ਼ਤਾਬਦੀ ਸਮਾਗਮ' ਵਿਚ ਹਿੱਸਾ ਲੈ ਕੇ ਬਾਅਦ ਵਿਚ 'ਸਾਹਿਤ ਦਾ ਸਮਾਜ ਸ਼ਾਸਤਰ' ਵਿਸ਼ੇ ਉਤੇ ਹੋਈ ਗੋਸ਼ਟੀ ਵਿਚ ਆਪਣੇ ਆਪ ਨੂੰ ਸਮਾਜਵਾਦੀ ਪਰਗਟ ਕਰ ਸਕਦਾ ਹੈ ਤਾਂ ਉਸ ਨੂੰ ਨਿਰਾ ਦਿਲਚਸਪ ਫਿਨਾਮਨਾ ਕਹਿਣਾ ਕਾਫੀ ਨਹੀਂ, ਉਹ ਇਤਿਹਾਸ ਦੇ ਗੰਦਲ ਪੰਨੇ ਦਾ ਉਹ ਹਾਸ਼ੀਆ ਹੈ ਜਿਸ ਨੂੰ ਖੱਬੇ ਕੋਈ ਥਾਂ ਨਹੀਂ ਅਤੇ ਸੱਜੇ ਪਾਸੇ ਆਪਣਾ ਹੀ ਵੱਡ-ਆਕਾਰ ਚਿਹਰਾ ਦਿਸਦਾ ਹੈ । ਇਹੀ ਉਸ ਦੀ ਹੋਣੀ ਹੈ ।

ਫਿਰ ਵੀ ਜਦੋਂ, ਜਿਸ ਵੇਲੇ ਵੀ, ਅਜਿਹਾ ਹੁੰਦਾ ਹੈ, ਸਭਿਆਚਾਰਕ ਅਤੇ ਸਾਹਿਤਕ ਫਿਜ਼ਾ ਵਿਚੋਂ ਸੜ੍ਹਾਂਦ ਆਉਣ ਲਗ ਪੈਂਦੀ ਹੈ । ਇਹ ਖ਼ਾਸਾ ਵੱਡਾ ਸੰਕਟ ਹੈ । ਇਸ ਸੰਕਟ ਨੂੰ ਨਾ ਵੇਖ ਸਕਣਾ, ਕਿਸੇ ਤਰ੍ਹਾਂ ਦੀ ਚਿੰਤਾ ਦਾ ਅਹਿਸਾਸ ਨਾ ਹੋਣਾ, ਇਵੇਂ ਚੁਪ ਰਹਿਣਾ ਜਿਵੇਂ ਸਭ ਠੀਕ ਹੈ, ਸੜ੍ਹਾਂਦ ਉਤੇ ਪਲ੍ਹਰਨ ਬਰਾਬਰ ਹੈ । ਜੋ ਕੁਝ ਸਾਹਿਤ ਅਤੇ ਸਭਿਆਚਾਰ ਦੇ ਪੱਧਰ ਉਤੇ ਵਾਪਰ ਰਿਹਾ ਹੈ, ਅਤੇ ਜੋ ਚਿੰਤਨ ਦੇ ਖੇਤਰ ਵਿਚ ਪੇਸ਼-ਪੇਸ਼ ਹੈ, ਇਸ ਸਭ ਦਾ ਅਸਰ ਸਾਹਿਤ ਸਿਰਜਣ, ਸਾਹਿਤ ਆਲੋਚਨਾ ਉਤੇ ਪੈਣਾ ਸੁਭਾਵਿਕ ਹੈ ।

ਸਾਡੇ ਕਵੀ ਅਜ ਗੀਤ ਗ਼ਜ਼ਲਾਂ ਲਿਖਣ ਵਿਚ ਇਸ ਲਈ ਮਸਰੂਫ ਹਨ ਕਿਉਂ ਕਿ ਸਾਡੀ ਬੌਧਿਕ ਪਰੰਪਰਾ ਨੇ ਅਜਿਹਾ ਵਾਤਾਵਰਣ ਹੀ ਪੈਦਾ ਨਹੀਂ ਕੀਤਾ ਜਿਸ ਨਾਲ ਅਜਿਹੀ ਕਵਿਤਾ ਦਾ ਠੁੱਕ ਬੱਝ ਸਕੇ ਜੋ ਸਮੇਂ ਦੇ ਹਾਣੀ ਹੋਵੇ । ਅਤੇ ਜੋ ਕਵਿਤਾ ਲਿਖੀ ਜਾ ਰਹੀ ਹੈ ਉਸ ਬਾਰੇ ਖਾਸੀ ਬੇਪ੍ਰਤੀਤੀ ਹੈ, ਕਿਉਂਕਿ ਉਸ ਦੇ ਨਾਲ ਸਫਰ ਕਰਨ ਲਈ ਨਾ ਖੁਦ ਕਵੀਆਂ ਨੇ, ਨਾ ਰਿਵੀਉਕਾਰਾਂ ਨੇ ਅਤੇ ਨਾ ਅਧਿਆਪਕਾਂ ਨੇ ਕਿਸੇ ਤਰ੍ਹਾਂ ਦਾ ਯਤਨ ਆਰੰਭਿਆ ਹੈ । ਥੋੜ੍ਹਾ ਯਤਨ ਜੋ ਹੋਇਆ ਹੈ ਉਹ ਵਿਚਾਰਧਾਰਾ (ideology) ਨੂੰ ਸੌਂਦਰਯ ਸ਼ਾਸਤਰ (aesthetics) ਦਾ ਬਦਲ ਮੰਨ ਕੇ ਚਲਦਾ ਹੈ । ਸਾਡੇ ਬਹੁਤੇ ਅਜਿਹੇ ਲੇਖਕਾਂ ਨੂੰ ਆਲੋਚਕ ਮੰਨ ਲਿਆ ਗਿਆ ਹੈ ਜਿਨ੍ਹਾਂ ਨੂੰ ਕਦੇ ਆਲੋਚਨਾ ਨਹੀਂ ਸੀ ਲਿਖਣੀ ਚਾਹੀਦੀ । ਨਾ ਸਾਡੇ ਸਿਰਜਣਹਾਰਿਆਂ ਵਿਚ creative passion ਹੈ, ਨਾ ਆਲੋਚਕਾਂ ਵਿਚ critical passion । ਚੀਜ਼ਾਂ ਦਾ ਸਿੱਧਾ ਸਾਹਮਣਾ ਕਿਵੇਂ ਹੋਵੇ ?

## ਸਮਝੌਤਾ

ਬਲਦੇਵ ਚੀਮਾ

ਉੱਥੇ ਜੇ ਕਿਸੇ ਜ਼ਰੂਰੀ ਕੰਮ ਲਈ ਉਠਣਾ ਹੁੰਦਾ ਤਾਂ
ਮੈਂ ਕੁਕੜ ਦੀ ਵਾਂਗ,
ਕਿਸੇ ਮੰਦਰ 'ਚ ਸੰਖ ਪੂਰਨ ਜਾਂ
ਪਾਠੀ ਦੀ ਆਵਾਜ਼ ਨਾਲ ਉਠਣਾ ਸੀ ।
ਪਰ ਇਥੇ ਰੋਜ਼ ਹੀ
ਅਲਾਰਾਮ ਦੀ ਘੰਟੀ ਵੱਜਦੇ ਸਾਰ ਹੀ
ਮੈਂ ਬੁੜਕੀ ਗੇਂਦ ਵਾਂਗ
ਉੱਠ ਬਹਿੰਦਾ ਹਾਂ ।
ਜਲਦੀ-ਜਲਦੀ ਮੂੰਹ ਧੋ ਕੇ
ਦੌੜ ਪੈਂਦਾ ਹਾਂ, ਉਸ ਮੰਡੀ ਵੱਲ
ਜਿਥੋਂ ਦਿਹਾੜੀ ਮਿਲਣ ਦੀ ਆਸ ਹੈ
ਜਦੋਂ ਕਿਸੇ ਠੇਕੇਦਾਰ ਨੂੰ
ਲੇਲੜ੍ਹੀ ਕੱਢਦਾ ਹੋਇਆ ਪੁਛਦਾ ਹਾਂ,
'ਕਿਉਂ ਭਾਈ ਲੱਗੂ ਦਿਹਾੜੀ ਅੱਜ ਦੀ ?'

ਮੈ ਨੂੰ ਚੇਤਾ ਆ ਜਾਂਦਾ ਹੈ
ਉਸ ਕੋੜ੍ਹੀ ਦਾ, ਜੋ ਭਾਨ ਵਾਲਾ ਬਾਟਾ ਅੱਗੇ ਕਰ
ਪੈਸੇ ਲਈ ਲੇਲੜ੍ਹੀਆਂ ਕੱਢਦਾ ਹੁੰਦਾ ਸੀ ।
ਫਿਰ ਖਿਆਲ ਆਉਂਦਾ ਹੈ,
ਬੇਢੱਬੇ ਸ਼ਾਹ ਦਾ,
ਜੋ ਲਿੱਤ ਕੱਛ 'ਚ ਬਹੀ ਲੈ
ਗੇੜੇ ਮਾਰਦਾ ਰਹਿੰਦਾ ਸੀ ।
ਤੇ ਸੁਸਾਇਟੀ ਵਾਲੀਆਂ ਦੇ ਸਮਨਾਂ ਦਾ
ਜੋ ਖਾਦ ਤੇ ਮਸ਼ੀਨਰੀ ਦਾ ਕਰਜਾ
ਨਾ ਮੋੜ ਸਕਣ ਤੇ, ਆਏ ਹੀ ਰਹਿੰਦੇ ਸਨ ।
ਫਿਰ ਮੈਨੂੰ ਲੇਲੜ੍ਹੀ ਕੱਢਣਾ ਭੈੜਾ ਨਹੀਂ ਲੱਗਦਾ
ਤੇ ਤੁਰ ਪੈਂਦਾ ਹਾਂ ਦੂਜੇ ਵੱਲ, ਪੁੱਛਣ ਲਈ :
'ਕਿਉਂ ਭਾਈ ਲੱਗਜੂ ਦਿਹਾੜੀ ਅੱਜ ?'


ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING

BHARTI ART JEWELLERS

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

'ਪੈਸ਼ਨ' ਦਾ ਸੰਬੰਧ ਕਿਸੇ ਪ੍ਰਤਿਬੱਧਤਾ ਨਾਲ, ਕੀਮਤਾਂ ਪ੍ਰਤਿ ਸਰੋਕਾਰ (concern) ਨਾਲ ਹੁੰਦਾ ਹੈ। ਪਰ ਅਜ ਜਦ ਕਿ ਸਾਡੇ ਲੇਖਕ ਅਤੇ ਬੁੱਧੀਜੀਵੀ ਹਰ ਚੀਜ਼ ਦਾ ਮੰਡੀਕਰਣ ਕਰ ਰਹੇ ਹਨ, ਅਵਚੇਤਨ ਦੇ ਮਾਰੂ ਗਲੇਛਨਾਂ ਵਿਚ ਦੱਬੇ ਹੋਛੇਪਣ ਦੇ ਸ਼ਿਕਾਰ ਹਨ, ਕਿਤਾਬ ਛਪਵਾਏ ਬਾਅਦ ਵਿਚ ਹਨ ਪਰ ਉਸ ਉਤੇ ਲੇਖ ਲਿਖਵਾਣ ਲਈ ਤਰਲੋਮੱਛੀ ਪਹਿਲਾਂ ਹੀ ਹੋਈ ਫਿਰਦੇ ਹਨ, ਪ੍ਰਸੰਸਾ ਦੀ ਮੰਗ ਹੀ ਨਹੀਂ ਕਰਦੇ ਸਗੋਂ ਪ੍ਰਸੰਸਾ ਦੇ ਢੋਲ ਸੁਣਨਾ ਚਾਹੁੰਦੇ ਹਨ ਤਾਂ creative passion ਕਿਥੋਂ ਆਵੇ ?

ਦਿਲਚਸਪ ਗੱਲ ਇਹ ਹੈ ਕਿ ਸਮਾਜਕ ਸਥਿਤੀ ਨੂੰ ਸਮਝਣ ਦਾ ਦਾਹਵਾ ਕਰਨ ਵਾਲੇ ਅਤੇ ਆਪਣੀਆਂ ਰੈਸਪੌਂਸਿਬ ਨੂੰ ਬੜੇ ਗੌਰਵ ਨਾਲ ਪੇਸ਼ ਕਰਨ ਵਾਲੇ ਆਪਣੇ ਉਤੇ ਹੋਈ ਆਲੋਚਨਾ ਬਾਰੇ ਚਿੰਤਾਤੁਰ ਹੁੰਦੇ ਹਨ। ਇੰਜ ਕਹੋ ਉਹ ਆਪਣੇ ਉਤੇ ਨਾ ਹੋਣ ਵਾਲੀ ਪ੍ਰਸੰਸਾ ਬਾਰੇ ਫਿਕਰਮੰਦ ਰਹਿੰਦੇ ਹਨ। ਇਕ ਘਟਨਾ ਯਾਦ ਆਈ। ਕੁਝ ਵਰ੍ਹੇ ਹੋਏ ਗੁਰਬਖਸ਼ ਸਿੰਘ ਪ੍ਰੀਤ ਲੜੀ ਦਾ "ਰੁੱਖਾਂ ਦੀ ਜੀਰਾਂਦ" ਛਪਿਆ। ਪ੍ਰੀਤ ਲੜੀ ਵਿਚ ਇਸ ਨਾਵਲ ਦਾ ਇਸ਼ਤਿਹਾਰ ਛਪਿਆ ਅਤੇ ਨਾਲ ਪੰਜਾਬੀ ਦੇ ਇਕ ਤੋਤਾ-ਚਸ਼ਮ ਆਲੋਚਕ, (ਜਿਸ ਦਾ ਨਾਮ ਇਸ ਘਟਨਾ ਤੋਂ ਹੀ ਪਰਗਟ ਹੋ ਜਾਵੇਗਾ) ਦੀ ਪ੍ਰਸੰਸਾ-ਭਰੀ ਰਾਏ ਛਪੀ, ਜਿਸ ਵਿਚ ਮੁਖ ਸਤਰ ਸੀ "ਮੈਂ ਇਹ ਨਾਵਲ ਦੋ ਵੇਰਾਂ ਪੜ੍ਹਿਆ ਹੈ।" ਜਦੋਂ ਇਸ ਆਲੋਚਕ ਨੂੰ ਪੁੱਛਿਆ ਗਿਆ ਤਾਂ ਉਸ ਕਿਹਾ, "ਦੋ ਵੇਰਾਂ ? ਇਹ ਨਾਵਲ ਤਾਂ ਇਕ ਵੇਰਾਂ ਵੀ ਪੜ੍ਹ ਨਹੀਂ ਹੁੰਦਾ।" ਸਫ਼ਾਈ ਜੋ ਉਸ ਦਿਤੀ ਉਹ ਵੀ ਬੜੀ ਦਿਲਚਸਪ ਸੀ। ਉਸ ਕਿਹਾ ਕਿ ਮੈਨੂੰ ਨਵਤੇਜ ਸਿੰਘ ਦੀ ਬਾਰ ਬਾਰ ਚਿੱਠੀ ਆ ਰਹੀ ਸੀ ਕਿ ਦਾਰ ਜੀ ਬੀਮਾਰ ਹਨ, ਤੁਸੀਂ ਉਨ੍ਹਾਂ ਦੇ ਨਾਵਲ ਦੀ ਪ੍ਰਸੰਸਾ ਲਿਖ ਭੇਜੋ, ਉਨ੍ਹਾਂ ਦਾ ਮਨ ਖਿੱਲ ਉਠੇਗਾ।

ਸਭ ਤੋਂ ਵੱਡਾ ਦੁਖਾਂਤ ਹੈ ਸਾਡੇ ਲੇਖਕਾਂ ਦਾ ਆਪਣੇ ਹੀ ਕਸਬ ਬਾਰੇ ਵੈਰਾਗ। ਜੇ ਅਜ ਫ਼ਾਸਲੇ ਲੰਮੇ ਨਹੀਂ ਰਹੇ, ਜੇ ਰੂਸੀ ਜਾਂ ਅਮਰੀਕੀ ਵਿਗਿਆਨ ਦੀਆਂ ਖੋਜਾਂ ਸਾਡੀ ਸੂਝ, ਸਾਡੇ ਅਨੁਭਵ ਦਾ ਹਿੱਸਾ ਬਣ ਰਹੀਆਂ ਹਨ, ਅਤੇ ਜੇ Humanities ਦੇ ਹੋਰ ਪ੍ਰਬੰਧਾਂ ਵਿਚ ਅਸੀਂ ਬਦੇਸ਼ੀ ਅਧਿਅਨ ਤੋਂ ਲਾਭ ਉਠਾ ਸਕਦੇ ਹਾਂ ਤਾਂ ਬਦੇਸ਼ੀ ਸਾਹਿਤ ਤੋਂ ਵਾਕਫ਼ ਹੋਣਾ ਤਾਂ ਜ਼ਿਆਦਾ ਸੁਭਾਵਿਕ ਹੈ। ਅਤੇ ਜਿਸ Genre ਵਿਚ ਲੇਖਕ ਲਿਖ ਰਿਹਾ ਹੈ, ਉਸ ਦੀਆਂ ਵਿਸ਼ਵ ਪੱਧਰ ਉਤੇ ਸੰਭਾਵਨਾਵਾਂ ਬਾਰੇ ਸੋਝੀ ਮੁੱਢਲੀ ਮੰਗ ਹੈ। ਇਵੇਂ ਸਾਹਿਤ ਨਾਲ ਸੰਬੰਧਤ ਮੂਲ ਪ੍ਰਸ਼ਨ ਹਨ ਜਿਨ੍ਹਾਂ ਦੀ ਜਾਣਕਾਰੀ ਅਜ ਦੇ ਯੁਗ ਵਿਚ ਜੇ ਪਾਠਕ-ਆਲੋਚਕ ਲਈ ਜ਼ਰੂਰੀ ਹੈ ਤਾਂ ਆਪ ਸਾਹਿਤਕਾਰ ਲਈ ਕਿਉਂ ਨਹੀਂ ? ਇਸੇ ਕਰਕੇ ਹੀ ਤਾਂ ਪ੍ਰਤਿਮਾਨ ਬਦਲਦੇ ਹਨ, ਨਵੇਂ ਰੂਪ, ਨਵੇਂ ਬਿੰਬ, ਨਵੀਆਂ ਸੋਚ-ਪ੍ਰਣਾਲੀਆਂ ਜਨਮ ਲੈਂਦੀਆਂ ਹਨ।

ਪਰ ਇਥੇ ਝਗੜਾ ਕਿਸੇ ਦੇ ਮਾਰਕਸਵਾਦੀ ਜਾਂ ਗੈਰ-ਮਾਰਕਸਵਾਦੀ ਹੋਣ ਤਕ ਸੀਮਤ ਹੈ। ਇੰਜ ਮਾਰਕਸਵਾਦ ਨੂੰ ਵੀ ਠਿੱਠ ਕੀਤਾ ਜਾ ਰਿਹਾ ਹੈ ਤੇ ਸੰਰਚਨਾਵਾਦ ਨੂੰ ਵੀ। ਹਿਮਾਇਤੀ ਇਹ ਕਹਿ ਕੇ ਝੰਡਾ ਬੁਲੰਦ ਕਰ ਦੇਂਦੇ ਹਨ ਕਿ ਉਨ੍ਹਾਂ ਦਾ ਜਿਨ੍ਹਾਂ ਨਾਲ ਸੰਵਾਦ ਹੋ ਸਕਦਾ ਹੈ ਉਹ ਵਿਸ਼ੇ ਬਾਰੇ ਅਧਿਅਨ ਕਰ ਕੇ ਸਵਾਲ-ਜਵਾਬ ਕਰਨ ਦੇ ਯੋਗ ਨਹੀਂ।

ਇਹ ਇਕ ਮੋਟੀ ਜਿਹੀ ਗੱਲ ਹੈ ਕਿ ਮਾਰਕਸਵਾਦ ਨੇ ਆਰੰਭ ਵਿਚ ਸਾਹਿਤ ਜਾਂ ਐਸਥੈਟਿਕਸ ਬਾਰੇ ਪ੍ਰਸ਼ਨਾਂ ਨੂੰ ਬਾਰੀਕੀ ਨਾਲ ਨਹੀਂ ਨਿਜਿਠਿਆ। ਹੌਲੇ ਹੌਲੇ ਲੂਕਾਚ, ਬੈਂਜਾਮਿਨ, ਗੋਲਡਮਾਣ, ਆਲਤੂਜ਼ਰ ਤੇ ਮਾਸਕੋ-ਟਾਰਟੂ ਢਾਣੀ ਦੇ ਲੋਟਮਾਨ ਜਾਂ ਪੋਲੈਂਡ ਵਿਚ Semiotics ਉਤੇ ਕੰਮ ਕਰਨ ਵਾਲਿਆਂ ਨੇ ਅਜ ਸਾਹਿਤ ਆਲੋਚਨਾ ਨੂੰ ਮਾਰਕਸਵਾਦੀ ਮਾਡਲ ਤੋਂ ਅਗੇ ਸੰਰਚਨਾਵਾਦੀ ਮਾਡਲ ਨਾਲ ਲਿਆ ਜੋੜਿਆ ਹੈ ਜਿਸ ਨਾਲ ਬੜੇ ਉਤੇਜਨਾਪੂਰਨ ਸਿੱਟੇ ਨਿਕਲੇ ਹਨ। ਪੰਜਾਬੀ ਵਿਚ ਜਿਨ੍ਹਾਂ ਦੀ ਪ੍ਰਤਿਬੱਧਤਾ ਮਾਰਕਸਵਾਦ ਵਲ ਹੈ ਉਹ ਆਪਣੀ ਅਗਿਆਨਤਾ ਕਾਰਨ ਸੰਰਚਨਾਵਾਦੀ ਯਤਨ ਨੂੰ ਇਤਿਹਾਸ-ਵਿਰੋਧੀ, ਪ੍ਰਤਿਕ੍ਰਿਆਵਾਦੀ ਜਾਂ ਰੂਪਵਾਦ ਦੇ ਨੇੜੇ ਤੇੜੇ ਸਮਝਦੇ ਹਨ ਅਤੇ ਪੰਜਾਬੀ ਦੇ ਸੰਰਚਨਾਵਾਦੀ ਪੰਜਾਬੀ ਸਾਹਿਤਕ ਅਤੇ ਸਭਿਆਚਾਰਕ ਖੇਤਰ ਵਿਚ ਆਪਣੇ ਅਧਿਅਨ ਨੂੰ ਵਰਤਣ ਦੀ ਥਾਵੇਂ ਨਵੀਂ ਪੁਸਤਕ ਦੀ ਇੰਤਜ਼ਾਰ ਵਿਚ ਰਹਿੰਦੇ ਹਨ। ਮਾਰਕਸਵਾਦ ਅਤੇ ਸੰਰਚਨਾਵਾਦ ਸਾਹਿਤ ਅਧਿਅਨ ਪ੍ਰਣਾਲੀਆਂ ਨਾਲੋਂ ਵੱਧ ਅੰਧ-ਵਿਸ਼ਵਾਸ (fetish) ਦਾ ਰੂਪ ਗ੍ਰਹਿਣ ਕਰ ਰਹੇ ਹਨ। ਦੋਵੇਂ ਪਹੁੰਚਾਂ ਇਕੱਲਵਾਂਜੇ ਦਲ ਰਹੀਆਂ ਹਨ। ਸੰਰਚਨਾਵਾਦ ਦੇ ਪ੍ਰੇਮੀਆਂ ਨੇ ਮਾਰਕਸੀ ਕਲਾਸਿਕਸ ਨੂੰ ਹੱਥ ਨਾ ਲਾਉਣ ਦੀ ਸਹੁੰ ਖਾਧੀ ਹੋਈ ਹੈ। ਕਈ ਵੇਰਾਂ ਇਸ ਤਰ੍ਹਾਂ ਲਗਦਾ ਹੈ ਕਿ ਇਕ ਧਿਰ ਗੈਰ-ਸਾਹਿਤਕ ਪਿੜਾਂ ਤੋਂ ਸਾਹਿਤ ਵਲ ਵੱਧ ਰਹੀ ਹੈ ਤੇ ਦੂਜੀ ਮਾਰਕਸਵਾਦ ਨੂੰ ਨਿਰੋਲ ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ ਸਮਝ ਕੇ ਸਾਹਿਤ ਨੂੰ ਭਾਸ਼ਨ ਸੰਰਚਨਾ ਹੀ ਮੰਨਦੀ ਹੈ।

ਸੰਰਚਨਾ ਦਾ ਵਜੂਦ ਜੋ ਹੈ ਉਸ ਪਿਛੇ ਕਿਹੜੀ ਸ਼ਕਤੀ ਕੰਮ ਕਰ ਰਹੀ ਹੈ, ਕਿਸ ਪਰਕਾਰ ਦੇ ਮਨੁੱਖ ਨੂੰ ਇਹ ਪਰਿਭਾਸ਼ਤ ਕਰਦੀ ਹੈ, ਸੰਰਚਨਾ ਦੇ ਕਰਤਾ ਦਾ Weltanchauung ਜਿਸ ਨੂੰ ਅਸੀਂ ਵਿਚਾਰਧਾਰਾ ਕਹਿ ਸਕਦੇ ਹਾਂ, ਨਾਲ ਕੀ ਵਾਸਤਾ ਹੈ ? ਇਸ ਬਾਰੇ ਗੱਲ ਨਹੀਂ ਹੋਈ। ਤੇ ਜੋ ਗੱਲ ਹੋਈ ਹੈ, ਉਹ ਅਧੂਰੀ ਹੈ। ਇਹ ਅਧੂਰੀ ਕਿਸੇ ਉਕਾਈ ਕਰਕੇ ਨਹੀਂ, ਸਗੋਂ ਇਹ ਉਸ ਮੰਡੀਕਰਣ ਦੀ ਰੁਚੀ ਦਾ ਹਿੱਸਾ ਹੈ ਜਿਸ ਦਾ ਸ਼ਿਕਾਰ ਅਜ ਸਾਰੇ ਹੋ ਰਹੇ ਹਨ। ਸਾਹਿਤ-

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀ ਮਹੀਨਾਵਾਰ ਮੀਟਿੰਗ ਹਰ ਦੂਜੇ ਐਤਵਾਰ ਸ਼ਾਮ ਦੇ ਤਿੰਨ ਵਜੇ ਟਰੇਡਵਿਊ ਨੇਬਰ-ਹੁੱਡ ਹਾਊਸ 6470 ਵਿਕਟੋਰੀਆ ਡਰਾਈਵ (VICTORIA AND 49TH AVE) ਤੇ ਹੁੰਦੀ ਹੈ। ਸਾਹਿਤ ਨਾਲ ਮੋਹ ਰੱਖਣ ਵਾਲੇ ਦੋਸਤਾਂ ਨੂੰ ਸੱਦਾ ਦਿੱਤਾ ਜਾਂਦਾ ਹੈ।
ਹੋਰ ਜਾਣਕਾਰੀ ਲਈ ਫੋਨ ਕਰੋ ਸੁਖਵੰਤ ਹੁੰਦਲ -321-9221

THINKING OF TRAVEL?
WE CAN SAVE YOU MONEY, TIME AND TROUBLE
GROUPS – CHARTER – EXCURSION
PAY LATER
SPECIAL IMMIGRANT FARES AVAILABLE

**GOYAL TRAVEL**

**4160 FRASER STREET, VANCOUVER 10, B.C.**
**PHONE: 872-7658**

**ASSOCIATE OFFICES:**
Opposite Nehru Garden, Jullundur City
Near Courts Moga (India) – Phone 2798
Near Courts Jagraon (India) – Phone 252
Bhagat Singh Chowk, Sadar Bazaar Barnala, (India). Phone 555

ਬਾਹਰੇ ਪ੍ਰਸ਼ਨ ਉਠਾਣ ਨਾਲ ਸਾਹਿਤ ਦੀ ਸੁਤੰਤਰ-ਹੋਂਦ ਭੰਗ ਨਹੀਂ ਹੋ ਜਾਂਦੀ। ਭਾਸ਼ਕ ਪ੍ਰਬੰਧਾਂ ਵਿਚੋਂ ਸਾਹਿਤ ਦੀ ਪਹਿਚਾਣ ਕੀ ਹੈ ? ਸਾਹਿਤ ਉਹ ਜੋ ਇਤਿਹਾਸ ਨਹੀਂ, ਜੋ ਪੱਤਰਕਾਰੀ ਨਹੀਂ, ਜੋ ਭਾਸ਼ਣ ਜਾਂ rhetoric ਨਹੀਂ। ਜਦੋਂ ਅਗੋਂ ਅਸੀਂ ਇਤਿਹਾਸ ਜਾਂ ਪੱਤਰਕਾਰੀ ਜਾਂ ਰੇਟਰਿਕ ਦੀ ਗੱਲ ਕਰਾਂਗੇ ਤਾਂ ਇਨ੍ਹਾਂ ਭਾਸ਼ਕ ਜੁਗਤਾਂ ਦੀ ਵਸਤੂ ਦੀ ਗੱਲ ਕਰਾਂਗੇ, ਤਦ ਮਨੁੱਖ ਦੀ ਸੋਚ, ਉਸ ਦਾ ਵਿਰਸਾ, ਉਸ ਦਾ ਗਿਆਨ, ਅਗਿਆਨ, ਅਥਵਾ ਉਸ ਦੀ ਸਾਈਕੀ ਅਤੇ ਸਮਾਜ ਦੀ ਗੱਲ ਹੋਵੇਗੀ। ਸੋ ਜਦੋਂ ਵੀ ਕਿਸੇ ਪਾਠ (text) ਦੀ ਗੱਲ ਹੋਵੇਗੀ ਤਾਂ ਸਮਾਂ (time) ਅਤੇ ਸਥਾਨ (space) ਨੂੰ ਅਖੋਂ ਉਹਲੇ ਨਹੀਂ ਕੀਤਾ ਜਾ ਸਕੇਗਾ। ਅਤੇ ਨਾ ਹੀ ਮਨੁੱਖੀ ਸਾਈਕੀ ਨੂੰ। ਗੱਲ ਫਿਰ ਇਤਿਹਾਸ ਨਾਲ ਵੀ ਆ ਜੁੜਦੀ ਹੈ, ਪਰ ਨਵੇਂ ਸੰਦਰਭ ਵਿਚ। [ਜਿਹੜੇ ਯਤਨ ਡਾਕਟਰ ਹਰਿਭਜਨ ਸਿੰਘ ਨੇ ਕੁਝ ਇਕ ਪਾਠਾਂ ਦਾ ਵਿਸ਼ਲੇਸ਼ਣ ਕਰਨ ਦੇ ਕੀਤੇ ਹਨ ਉਹ ਉਸ ਅਧੂਰੇਪਣ ਅਤੇ ਮੰਡੀਕਰਣ ਦੇ ਸ਼ਿਕਾਰ ਹਨ ਜੋ ਵੀਹਵੀਂ ਸਦੀ ਦੇ ਇਸ ਦਹਾਕੇ ਵਿਚ ਕਦੇ ਵੀ ਨਹੀਂ ਸੀ ਹੋਣੇ ਚਾਹੀਦੇ। ਜੇ ਇਸ ਬਾਰੇ ਵੀ ਚੁਪ ਨਹੀਂ ਟੁੱਟੀ ਤਾਂ ਇਹ ਸਾਬਤੀ ਉਹ ਮੰਦੀ ਵਫ਼ਾ ਦਾ ਸਿੱਟਾ ਹੈ ਜੋ ਚੀਜ਼ਾਂ ਦਾ ਸਿੱਧਾ ਸਾਹਮਣਾ ਨਾ ਕਰਨ ਕਰਕੇ ਪੈਦਾ ਹੁੰਦੀ ਹੈ]


ਸਿਰਜਣ ਦੇ ਖੇਤਰ ਵਿਚ ਮੰਦੀ ਵਫ਼ਾ ਸਿਖਰ ਛੂਹ ਬੈਠੀ ਹੈ। ਤੁਸੀਂ ਜਦੋਂ ਵੇਖਦੇ ਹੋ ਕਿ ਦੇਸ਼ ਵਿਚ ਅਗਿਆਨਤਾ, ਗ਼ਲਾਜ਼ਤ ਗਰੀਬੀ ਦੇ ਬਾਵਜੂਦ ਸਿਆਸੀ ਪਾਰਟੀਆਂ ਲੋਕਾਂ ਨੂੰ ਬੇਵਕੂਫ਼ ਬਣਾਈ ਜਾ ਰਹੀਆਂ ਹਨ, ਲੋਕ ਕਿਉਂ ਔਖੇ ਨਹੀਂ ਹੁੰਦੇ, ਕਿਉਂ ਵਿਦਰੋਹ ਦੀ ਸੁਰ ਉਚੀ ਨਹੀਂ ਹੁੰਦੀ ਤਾਂ ਸੋਚਦੇ ਹੋ ਲੋਕਾਂ ਵਿਚ ਚੇਤੰਨਤਾ ਦਾ ਪੱਧਰ ਨੀਵਾਂ ਹੈ, ਧਰਮ ਨੇ ਉਨ੍ਹਾਂ ਨੂੰ ਜਕੜ ਰਖਿਆ ਹੈ, ਨੇਤਾ ਸਵਾਰਥੀ ਅਤੇ ਗੁਮਰਾਹ ਹਨ, ਵਗੈਰਾ ਵਗੈਰਾ। ਪਰ ਤੁਸੀਂ ਉਸ ਸਾਹਿਤਕ ਫਿਜ਼ਾ ਬਾਰੇ ਕੀ ਕਹੋਗੇ ਜਿਸ ਵਿਚ ਇਕ ਕਵਿਤ੍ਰੀ ਅੱਜ ਦੇ ਸਿਸਟਮ ਵਿਚ ਮਰ ਚੁਕੇ ਰਿਸ਼ਤਿਆਂ ਤੋਂ ਕਫ਼ਨ ਉਤਾਰ ਉਤਾਰ ਵੇਚਦੀ ਹੈ ? ਮੁਹੱਬਤ, ਇਸ਼ਕ, ਤੱਤਾ ਲਹੂ ਅਜ ਕਿਸ ਤਹਿਜ਼ੀਬ ਦਾ ਹਿੱਸਾ ਹਨ ? ਇਨ੍ਹਾਂ ਰੁਮਾਂਚਿਕ ਸੰਕਲਪਾਂ ਦੁਆਲੇ ਬਿੰਬ ਉਸਾਰਨੇ, ਅਤੇ ਪੱਛਮੀ 'ਮਾਸ-ਮੀਡੀਆ' ਦੀ ਸ਼ੈਲੀ ਅਨੁਸਾਰ ਉਨ੍ਹਾਂ ਦਾ ਕੱਚੀ ਉਮਰ ਦੇ ਪਾਠਕਾਂ ਵਿਚ ਮੰਡੀਕਰਣ ਕਰਨਾ—ਇਹ ਕਿਹਾ ਫਿਨਾਮਨਾ ਹੈ ? ਇਹ ਕਿਸ ਬੀਮਾਰੀ ਦੇ ਚਿੰਨ੍ਹ ਹਨ ? ਇਨ੍ਹਾਂ ਰਾਹੀਂ ਤੁਸੀਂ ਮਨੁੱਖੀ ਚੇਤਨਾ ਨਾਲ ਕਿਹੜੀ ਪੁਰਾਣੀ ਦੁਸ਼ਮਣੀ ਵਿਹਾਜ ਰਹੇ ਹੋ ? ਸ਼ਾਇਦ ਅਜਿਹਾ ਨਾ ਕਰਨਾ ਤੁਹਾਡੇ ਵੱਸ ਵਿਚ ਨਹੀਂ। ਜੇ ਵੱਸ ਵਿਚ ਨਹੀਂ ਤਾਂ ਤੁਸੀਂ ਤਰਸ ਦੇ ਪਾਤਰ ਹੋ। ਸਾਨੂੰ ਇਹ ਦੁਹਰਾ ਲੈਣ ਦਿਉ ਕਿ ਤੁਹਾਨੂੰ ਤਰਸ ਚਾਹੀਦਾ ਹੈ।

ਦੋ ਮਹੀਨੇ ਪਹਿਲਾਂ ਇਕ ਪਾਠਕਾ ਦਾ ਖ਼ਤ ਨਾਗਮਣੀ ਵਿਚ ਛਪਿਆ ਜਿਸ ਵਿਚ ਲਿਖਿਆ ਹੋਇਆ ਸੀ "ਮੈਂ ਨਾਗਮਣੀ ਸਰਹਾਣੇ ਰਖ ਕੇ ਸੌਂਦੀ ਹਾਂ।" ਬੀਮਾਰ ਮਨ ਅਜਿਹਾ ਲਿਖਣ ਵਾਲੇ ਦਾ ਨਹੀਂ, ਛਾਪਣ ਵਾਲੇ ਦਾ ਹੈ। ਚੇਤਨਾ ਦਾ ਉਸਾਰੂ ਹੋਣਾ ਤਾਂ ਅਲੱਗ ਹੈ; ਜਾਪਦਾ ਹੈ ਕੁਝ ਲੋਕ ਆਪਣੇ ਮੂੰਹ ਦੀਆਂ ਝੁਰੜੀਆਂ ਵੇਖ ਵੇਖ ਤਰਲਾ ਲੈ ਰਹੇ ਹਨ। ਮੱਠ ਚਲਾਣ ਦੀ ਪਰੰਪਰਾ ਗੁਰਬਖਸ਼ ਸਿੰਘ ਨਾਲ ਸ਼ੁਰੂ ਹੋਈ ਪਰ ਖਤਮ ਨਹੀਂ ! ਆਪਣੇ ਨਿੱਜੀ ਜੀਵਨ ਨੂੰ ਇਹ ਲੋਕ ਕੀ ਸਮਝਦੇ ਹਨ ? ਇਹ ਬਾਰ ਬਾਰ ਆਪਣੇ ਕਿੱਸੇ ਕਿਉਂ ਦੁਹਰਾਂਦੇ ਹਨ ? ਕਿਸ ਆਸ਼ੇ ਨਾਲ ? ਫਿਲਮ ਸਟਾਰਾਂ ਦੇ ਨਿੱਜੀ ਜੀਵਨ ਬਾਰੇ ਪੜ੍ਹਨ ਵਾਲਿਆਂ ਦੀ ਗਿਣਤੀ ਸਾਡੇ ਦੇਸ਼ ਵਿਚ ਵੱਧ ਰਹੀ ਹੈ। ਕਿਹੜੀ ਮਾਨਸਿਕ ਪੱਧਰ ਦੇ ਲੋਕ ਪੜ੍ਹਦੇ ਹਨ ਇਹ 'ਗੌਸਿਪ ਕਾਲਮ' ? ਕਿਸ ਦੇਸ਼ ਦੇ, ਕਿਸ ਭਾਸ਼ਾ ਦੇ ਲੇਖਕ ਨੇ ਆਪਣੇ ਬਾਰੇ ਹਰ ਮਹੀਨੇ 'ਗੌਸਿਪ ਕਾਲਮ' ਛਾਪੇ ਹਨ ?

ਇਹ ਉਦੋਂ ਹੁੰਦਾ ਹੈ ਜਦੋਂ ਲੇਖਕ ਪਾਸ ਕੁਝ ਕਹਿਣ ਲਈ ਰਹੇ ਨਾ ਅਤੇ ਜਾਂ ਉਹ ਲਿਖਣ ਲਈ 'ਸ਼ਾਰਟ ਕੱਟ' ਲਭੇ। ਰੋਟੀ ਕਮਾਣੀ ਜ਼ਰੂਰੀ ਹੈ ਤਾਂ ਸਾਹਿਤ ਨੂੰ ਵਲਗਰ ਰੂਪ ਦੇ ਕੇ ਹੀ ਕਿਉਂ ? ਹਰ ਉਭਰਦਾ ਯੁਵਕ ਕਵੀ ਦਿੱਲੀ ਵਲ ਮੂੰਹ ਕਰਦਾ ਹੈ। ਛਪਣ ਲਈ ਨਾਗਮਣੀ ਸੁੰਦਰ ਪਰਚਾ ਹੈ, ਗੈੱਟ-ਅੱਪ ਵਧੀਆ ਤੇ ਸੰਪਾਦਕਾ ਦਾ ਨਾਅ ਵੀ ਹੈ, ਤੇ ਫਿਰ ਪਰਚਾ ਪੜ੍ਹਿਆ ਵੀ ਜਾਂਦਾ ਹੈ। ਇਸ ਦਾ ਆਪਣਾ ਯੋਗਦਾਨ ਹੈ। ਪਰ ਗੱਲ ਇਥੇ ਸਮਾਪਤ ਨਹੀਂ ਹੁੰਦੀ, ਇਥੋਂ ਸ਼ੁਰੂ ਹੁੰਦੀ ਹੈ। ਇਕ ਦੋ ਕਵਿਤਾਵਾਂ ਲਿਖ ਕੇ ਕਵੀ ਪ੍ਰਵਾਨ ਹੋਣ ਲਈ ਨਾਗਮਣੀ ਸ਼ੈਲੀ ਨੂੰ ਅਪਣਾਂਦਾ ਹੈ, ਨਾਲ ਪ੍ਰਸ਼ੰਸਾ-ਪੱਤਰ ਭੇਜਦਾ ਹੈ ਤੇ ਦੋ ਚਾਰ ਚੰਦੇ ਵੀ। ਫਿਰ ਉਹ 'ਗੌਸਿਪ ਕਾਲਮ' ਭਰਨ ਲਈ ਕਿਸੇ ਲੇਖਕ ਦੀ ਬੀਵੀ ਨਾਲ ਗੁਫਤਗੂ ਜਾਂ ਕਿਸੇ ਮਿੱਤਰ ਨਾਲ ਮਿਲਣੀ ਲਿਖ ਭੇਜਦਾ ਹੈ। ਤੇ ਨਾਗਮਣੀ ਪਰਿਵਾਰ ਦਾ ਮੈਂਬਰ ਬਣਦਾ ਹੈ। ਬਾਅਦ ਵਿਚ ਉਹ ਜੋ ਲਿਖੇ, ਹਲਕਾ ਜਾਂ ਚੰਗਾ ਛਪਦਾ ਹੈ। ਕਦੇ ਉਹਦੇ ਨਾਲ ਇੰਟਰਵਿਊ ਦੇ ਰੂਪ ਵਿਚ 'ਗੌਸਿਪ' ਛਪਦੀ ਹੈ ਜਿਸ ਵਿਚ ਉਹ ਭਾਵੇਂ ਆਪਣੇ ਆਪ ਨੂੰ 'ਉੱਲੂ ਦਾ ਪੱਠਾ' ਹੀ ਮੰਨਦਾ ਹੋਵੇ, ਪਰ ਉਸ ਦੀ ਤੁਲਨਾ ਕਾਮੂ ਜਾਂ ਗੇਟੇ ਜਾਂ ਆਂਦਰੇ ਜ਼ੀਦ ਨਾਲ ਕਰ ਦਿਤੀ ਜਾਂਦੀ ਹੈ। ਨਾਗਮਣੀ ਦੀ ਧੂਣੀ ਅਜਿਹੀ ਉਸ ਨੂੰ ਚੜ੍ਹਦੀ ਹੈ ਕੇ ਉਹ ਐਸਾ ਭਮੱਤਰਦਾ ਹੈ ਕਿ ਕਿਸੇ ਦੋਸਤ ਦੀ ਖਰੀ ਰਾਏ ਸੁਣਨ ਲਈ ਤਿਆਰ ਨਹੀਂ ਹੁੰਦਾ। ਦੀਦੀ ਪਾਸ ਜਾ ਰੋਂਦਾ ਹੈ ਕਿ ਸਮਕਾਲੀ ਉਸ ਦੇ ਦੁਸ਼ਮਣ ਹਨ। ਦੀਦੀ ਨੂੰ ਹੋਰ ਕੀ ਚਾਹੀਦਾ ਹੈ ? ਉਸ ਨੂੰ ਵੀ ਹਰ ਸਮਕਾਲੀ ਦੁਸ਼ਮਣ ਲਗਦਾ ਹੈ, ਤੇ ਦੂਜੀਆਂ ਭਾਸ਼ਾਵਾਂ ਦੇ ਲੇਖਕ, ਮਿੱਤਰ। ਕਾਲਾ


PAUL'S PLUMBING & ELECTRICAL SUPPLY

PLUMBING & BATHROOM FIXTURES & SUPPLIES
HOT WATER TANKS
HOT WATER HEATING & SUPPLIES



ਖੁਸ਼ਖਬਰੀ ! ਤੁਹਾਡੀ ਜ਼ਰੂਰਤ ਲਈ ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਓਮ ਪਾਲ ਵਲੋਂ 32 ਐਵਨਿਊ ਲਾਗੇ 4774 ਮੇਨ ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ।

ਸਾਡੇ ਕੋਲ ਆਵੋ, ਪੰਜਾਬੀ 'ਚ ਗੱਲ ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ।

872 3118

English-Punjab-Hindi Spoken
4774 Main St (at 32nd)
Vancouver ● 872-3118
Open Sunday — Parking at rear.

PLUMBING & HOT WATER HEATING!

For Commercial & Residential
New Houses or
New Installments
Alterations
Re-Pipeing or
Repairs
Hot-water Tank

PH: 433-9865

ਪਲੰਬਿੰਗ ਅਤੇ ਤੱਤੇ ਪਾਣੀ ਦੀ ਮੁਰੰਮਤ ਲਈ ਸਾਨੂੰ ਫੋਨ ਕਰੋ:

Very Low Rates

Lashman Plumbing
3705 Fir St. Burnaby, B.C.

ਤਿੱਤਰ ਗਰਦਣ ਹਿਲਾਂਦਾ ਹੈ ਤੇ ਬੀਬੇ ਕਬੂਤਰ ਗੁਟਕੂੰ ਗੁਟਕੂੰ ਕਰਦੇ ਉਸ ਦਵਾਲੇ ਪੈਲਾਂ ਪਾਂਦੇ ਹਨ। ਇਹ ਦ੍ਰਿਸ਼ ਹੈ ਨਾਗਮਣੀ ਦਾ। ਜੁਗਲਪੁਣੇ (dilettantism) ਨੇ ਸਿਰਜਣ ਦੀ ਥਾਂ ਮੱਲ ਰਖੀ ਹੈ।

ਪਰ ਸਮਾਂ ਬੜਾ ਜ਼ਾਲਮ ਹੈ। ਕਲ੍ਹ ਦੀ ਵਾਰਸ ਪੀੜ੍ਹੀ ਇਸ ਜਾਹਲੀਪਣ, ਦੰਭ, ਮੰਡੀਕਰਣ ਨੂੰ ਕਿਵੇਂ ਤੇ ਕਿਉਂ ਬਖਸ਼ੇਗੀ? ਜਦੋਂ ਪੰਜਾਬੀ ਵਿਚ ਅਜਿਹੀ ਪੀੜ੍ਹੀ ਆਈ ਜੋ ਚੇਤਨਾ ਦੇ ਪੱਧਰ ਉਤੇ ਬਲਦੀ ਲਾਟ ਹੋਵੇਗੀ, ਉਦੋਂ ਉਹ ਹਰ ਦੰਭ, ਪਾਖੰਡ, ਲਿਜਲਿਜੇਪਣ, ਅਗਿਆਨ ਦੇ ਵਿਰੁਧ ਲੜੇਗੀ। ਪੰਜਾਬੀ ਵਿਚ ਅਜਿਹੀ ਪੀੜ੍ਹੀ ਜਨਮ ਲੈ ਰਹੀ ਹੈ। ਇਹ ਵਿਕਣ ਲਈ ਤਿਆਰ ਨਹੀਂ। ਹਾਲੇ ਇਹ ਚਾਰੇ ਪਾਸੇ ਗਾਰਾ ਵੇਖ ਕੇ ਚੁਪ ਹੈ। ਜਦੋਂ ਪੰਜਾਬੀ ਵਿਚ ਅਜਿਹੇ ਬੁੱਧੀਜੀਵੀ ਹੋਣਗੇ ਜੋ ਮੰਤਰੀਆਂ ਮਗਰ ਲੂਰਾਂ ਵਗਾਂਦੇ ਨਹੀਂ ਫਿਰਨਗੇ, ਤਾਂ ਉਹ ਪ੍ਰੀਤ ਲੜੀ ਅਤੇ ਨਾਗਮਣੀ ਦੇ ਮੱਠਾਂ, ਦੀਦੀਵਾਦ ਤੇ ਔਰਤਵਾਦ ਦੇ ਫ਼ਿਨਾਮਨਾ, ਅਤੇ ਸਾਹਿਤਕ ਦਲਾਲਾਂ ਨੂੰ ਬਰਦਾਸ਼ਤ ਨਹੀਂ ਕਰਨਗੇ।

ਨਰਿੰਦਰਪਾਲ ਦਾ "ਬਾ ਮੁਲਾਹਜ਼ਾ ਹੋਸ਼ਿਆਰ" ਬੀਮਾਰ ਮਨ ਦੀ ਮੁਸ਼ਕ ਹੀ ਨਹੀਂ, ਘਟੀਆ ਸ਼ੈਲੀ ਵਿਚ ਲਿਖਿਆ ਵਾਹਯਾਤ ਨਾਵਲ ਹੈ। ਹੁਣ ਉਸ ਨੇ ਇਸ ਦਾ ਅੰਗਰੇਜ਼ੀ ਅਨੁਵਾਦ ਚਾਲੂ ਕਿਸਮ ਦੇ ਪੇਪਰ ਬੈਕ ਵਿਚ ਛਪਵਾਇਆ ਹੈ ਜਿਸ ਦੇ ਕਵਰ ਉਤੇ ਵੱਡਾ ਕਰ ਕੇ ਲਿਖਿਆ ਹੈ: Banned for Obscenity! ਨਰਿੰਦਰਪਾਲ ਦਾ ਵਤੀਰਾ ਉਹੀ ਹੈ ਜੋ ਅਸ਼ਲੀਲ ਨੰਗੀਆਂ ਤਸਵੀਰਾਂ ਵਾਲੇ ਰਸਾਲਿਆਂ ਦੇ ਸੰਪਾਦਕਾਂ ਦਾ ਅਜ ਕਲ੍ਹ ਹੈ। ਇਹ ਸਭ ਕੁਝ ਸਾਹਿਤ ਦੇ ਨਾਂਅ ਉਤੇ ਹੋ ਰਿਹਾ ਹੈ। ਹੁਣ ਲਫੰਟ ਮਨ ਹਸਤ-ਮੈਥੁਨ ਕਰਨ ਲਈ ਇਹ ਨਾਵਲ ਖਰੀਦਣਗੇ। ਇਸ ਅੰਗਰੇਜ਼ੀ ਅਨੁਵਾਦ ਦਾ ਰੀਵੀਊ 'ਇੰਡੀਆ ਟੂ-ਡੇ' ਵਿਚ ਛਪਿਆ ਹੈ। ਰੀਵੀਊਕਾਰ ਇਸ ਨਾਵਲ ਨੂੰ ਅਸ਼ਲੀਲ ਕਚਰਾ ਕਹਿ ਕੇ ਲਿਖਦਾ ਹੈ ਕਿ ਇਹ ਰਚਨਾ ਕਦਾਚਿਤ ਸਾਹਿਤ ਨਹੀਂ। ਜੋ ਨਾਵਲ ਹੋਰਾਂ ਦੀ ਨਜ਼ਰ ਵਿਚ "ਕਚਰਾ" ਹੈ ਉਸ ਨੂੰ ਸਾਹਿਤ ਅਕਾਡਮੀ ਵਲੋਂ ਪੰਜਾਬੀ ਦੀ ਉਤਮ ਰਚਨਾ ਮੰਨ ਕੇ ਇਨਾਮ ਦਿਤਾ ਜਾਂਦਾ ਹੈ। ਇਨਾਮ ਦੀ ਚੋਣ ਕਿਸੇ ਹੋਰ ਨੇ ਨਹੀਂ ਕੀਤੀ, ਪੰਜਾਬੀ ਦੇ ਵਿਦਵਾਨਾਂ ਨੇ ਹੀ ਕੀਤੀ ਹੈ। ਉਨ੍ਹਾਂ ਨੂੰ ਹੁਣ ਆਤਮ-ਹੱਤਿਆ ਕਰ ਲੈਣੀ ਚਾਹੀਦੀ ਹੈ।

ਅਜੇ ਤਕ ਅੰਗਰੇਜ਼ੀ ਵਿਚ ਪੜ੍ਹਦੇ ਆ ਰਹੇ ਹਾਂ: a wolf in sheep's clothing ਹੁਣ ਇਹ ਵੀ ਕਿਹਾ ਜਾ ਸਕਦਾ ਹੈ: a wolf in writer's clothing ਅਜ ਲੇਖਕ ਦੇ ਰੂਪ ਵਿਚ ਤੁਹਾਨੂੰ ਭੇੜੀਏ ਥਾਂ ਥਾਂ ਹਰਲ ਹਰਲ ਕਰਦੇ ਦਿਖਾਈ ਦੇਣਗੇ, ਜੋ ਸਭ ਕੁਝ ਹੜੱਪ ਕਰਨਾ ਚਾਹੁੰਦੇ ਹਨ: ਹਰ ਇਨਾਮ, ਰੇਡੀਓ, ਟੀ.ਵੀ, ਵਿਚ ਨਾਂਅ, ਅਖ਼ਬਾਰਾਂ ਵਿਚ ਚਰਚਾ। ਵਰ੍ਹੇ ਹੋਏ ਬਦੇਸ਼ੋਂ ਇਕ ਸਫ਼ੀਰ ਨੇ ਦੇਸ਼ ਚਿੱਠੀਆਂ ਲਿਖੀਆਂ। ਕੁਝ ਦਿਨਾਂ ਬਾਅਦ ਗਿਆਨਪੀਠ ਇਨਾਮ ਲਈ ਪੰਜਾਬ ਦੀ ਸਿਫ਼ਾਰਸ਼ੀ ਕਮੇਟੀ ਦੀ ਮੀਟਿੰਗ ਸੀ ਜਿਸ ਵਿਚ ਤੱਤਾ ਚਸ਼ਮ ਆਲੋਚਕ ਨੇ ਸਫ਼ੀਰ ਦਾ ਨਾਮ ਸ਼ਿਵ ਕੁਮਾਰ ਦੀ 'ਲੂਣਾ' ਦੇ ਮੁਕਾਬਲੇ ਪੇਸ਼ ਹੀ ਨਹੀਂ ਕੀਤਾ, ਸਗੋਂ ਕਾਫ਼ੀ ਹੰਗਾਮੇ ਦੇ ਬਾਅਦ ਦੋ ਹੋਰ ਵਿਦਵਾਨਾਂ ਕੋਲੋਂ ਵੀ ਇਸ ਦੀ ਸਿਫ਼ਾਰਸ਼ ਕਰਵਾ ਲਈ!

ਖ਼ੂਬਸੂਰਤ ਗੱਲ ਤਾਂ ਸੇਖੋਂ ਵਰਗੇ ਦਾਨਸ਼ਮੰਦਾਂ ਦੀ ਹੈ। ਉਹ ਜਿਵੇਂ ਆਹਲੂਵਾਲੀਆ ਨੂੰ ਆਲੋਚਨਾ ਵਿਚ ਜੀਨੀਅਸ ਮੰਨਦਾ ਰਿਹਾ, ਇਵੇਂ ਪ੍ਰਭਜੋਤ ਨੂੰ ਕਵਿਤਾ ਵਿਚ। ਕੁਝ ਲੋਕ ਕੁਰੱਪਟ ਹੁੰਦੇ ਹਨ ਅਤੇ ਆਪਣੀ ਜ਼ਿੰਦਗੀ ਦੀਆਂ ਯੋਜਨਾਵਾਂ ਨੂੰ ਆਦਰਯੋਗ ਬਣਾਨ ਲਈ ਉਨ੍ਹਾਂ ਨੂੰ ਉਸੇ ਤਰ੍ਹਾਂ ਆਦਰ ਮਾਣ ਵਾਲੇ ਲੋਕਾਂ ਦੀ ਜ਼ਰੂਰਤ ਹੁੰਦੀ ਹੈ ਜਿਵੇਂ ਕੇਸਿਅਸ ਨੂੰ ਸੀਜ਼ਰ ਦਾ ਕਤਲ ਕਰਨ ਲਈ ਬਰੂਟੇਸ ਦੀ ਲੋੜ ਪਈ ਸੀ। ਅਗੋਂ ਸਾਡੇ 'ਆਦਰਯੋਗ' ਵਿਅਕਤੀ ਵੀ ਇੰਨੇ ਕੁਰਭੁਰੇ ਹਨ ਕਿ ਜ਼ਰਾ ਜਿੰਨੀ ਨਰਮੀ ਅਤੇ ਨਿੱਘ ਅਗੇ ਠੁੱਸ ਹੋ ਜਾਂਦੇ ਹਨ। ਜਦੋਂ ਫ਼ਿਜ਼ਾ ਹੀ ਅਜਿਹੀ ਹੋਵੇ ਕੋਈ ਕਿਸ ਉਤੇ ਰੋਸ ਕਰੇ?

ਆਪਣੀ ਅਸੁਰੱਖਿਆ, ਡਰ ਅਤੇ ਕਾਇਰਤਾ ਵਿਚ ਜੋ ਲੋਕ ਗੰਦ ਫੈਲਾਂਦੇ ਹਨ, ਉਹ ਇਸੇ ਕਾਇਰਤਾ ਵਿਚ ਹੀ ਆਪਣੇ ਉਤੇ ਹੋਈ ਆਲੋਚਨਾ ਬਾਰੇ ਪ੍ਰਤਿਕਰਮ ਪੇਸ਼ ਕਰਦੇ ਹਨ। ਇਨ੍ਹਾਂ ਦੇ ਨਕਾਬ ਉਤਾਰੋ, ਇਨ੍ਹਾਂ ਉਤੇ ਚੜ੍ਹੀਆਂ ਦੋਗਲੇਪਣ ਦੀਆਂ ਝਿੱਪੀਆਂ ਤਰੁੰਡੋ, ਇਹ ਕੰਬ ਉਠਦੇ ਹਨ। ਪਹਿਲਾਂ ਇਕ ਦੂਜੇ ਨੂੰ ਫ਼ੋਨ ਕਰਦੇ ਹਨ ਫ਼ਿਰ ਸੋਚਦੇ ਹਨ ਕਿਵੇਂ ਇਸ ਆਵਾਜ਼ ਨੂੰ ਬੰਦ ਕੀਤਾ ਜਾਵੇ, ਰਗੜਾ ਚਾੜ੍ਹਿਆ ਜਾਵੇ। ਲਿਖਣ ਵਾਲੇ ਦਾ 'ਬਾਸ' ਕੌਣ ਹੈ? ਕਿਥੇ ਨੌਕਰੀ ਕਰਦਾ ਹੈ? ਕਿਸ ਇੰਟਰਵਿਊ 'ਤੇ ਜਾ ਰਿਹਾ ਹੈ? ਜੇ ਇਹ ਕੁਝ ਸੰਭਵ ਨਹੀਂ ਤਾਂ ਜਿਸ ਪਰਚੇ ਵਿਚ ਇਹ ਕੁਝ ਲਿਖਿਆ ਛਪਿਆ ਹੈ, ਉਸ ਦੇ ਸੰਪਾਦਕ ਨੂੰ ਡਰਾਵੋ, ਵਕੀਲ ਰਾਹੀਂ ਨੋਟਸ ਭੇਜੋ, ਪਰੈਸ ਵਾਲੇ ਦੀ ਪਰੈਸ ਬੰਦ ਕਰਵਾਣ ਦੀ ਧਮਕੀ ਦਿਉ। ਕਿਉਂਕਿ ਇਹ ਸਮਝਦੇ ਹਨ ਕਿ ਸਾਹਿਤ ਵਿਚ ਗੰਦ ਫੈਲਾਣਾ ਇਨ੍ਹਾਂ ਦਾ ਜ਼ਾਤੀ ਮਾਮਲਾ ਹੈ।

ਅਜਿਹੀ ਕਲਾਸਕੀ ਭਾਂਤ ਦੀ ਤਿਗੜਮਬਾਜ਼ੀ ਦਾ ਕੀ ਜਵਾਬ ਹੈ? ਸ਼ਾਇਦ ਸਾਡੇ ਅਜਿਹੇ ਅਖੌਤੀ ਲੇਖਕਾਂ ਨੂੰ ਇਤਿਹਾਸ ਬਾਰੇ ਸੂਝ ਨਹੀਂ। ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਸਾਹਿਤ ਇਕ ਇਤਿਹਾਸਕ ਅਤੇ ਸਮਾਜਕ ਸੰਸਥਾ ਹੈ। ਹਰ ਸੰਸਥਾ ਵਾਂਗ ਇਸ ਦੇ ਵੀ ਦੋ ਦਰਵਾਜ਼ੇ ਹਨ: ਇਕ ਅਗੋਂ ਸਿੱਧਾ, ਪ੍ਰਮਾਣਿਕ ਲੇਖਕਾਂ ਲਈ ਹੈ ਜੋ ਵਿਕਦੇ ਨਹੀਂ, ਇਨਾਮਾਂ ਮਗਰ ਨਹੀਂ ਭੁਟਕਦੇ, ਸਰਕਾਰੇ

ਬਾਕੀ ਸਫ਼ਾ 17 ਤੇ ਦੇਖੋ -


If you are looking for
*Quality
* Quality
* Price
* After sale service when buying your car contact
Kuldip S. Jhand




ਕਿਸੇ ਪਰਕਾਰ ਦੀ ਕਾਰ ਖ਼ੀਦਣੀ ਜਾਂ ਟਰੇਡ ਕਰਨੀ ਹੋਵੇ ਤਾਂ ਖ਼ੀਦਣ ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫ਼ੂਨ ਕਰੋ



Office
521-7731
Res. 524-4137

WESTMINSTER
CHEVROLET-
OLDSMOBILE
12 th Ave. at Queens Ave
New West Minster

SHAKTI GIFT
6576 MAIN STREET,
VANCOUVER, B.C.



Where you can get all types of Real and Artificial Jewellery and all types of oriental designs can be made!

SALE AND REPAIRS OF WATCHES

Res. 327-8259
Bus. 321-6214

SPECIALIST IN EAST INDIAN JEWELLERY
GIFTWARE & REPAIRS

ਹਰ ਤਰਾਂ ਦੇ ਗਹਿਣੇ ਬਣਾਉਣ ਲਈ
ਸ਼ਕਤੀ ਦੁਕਾਨ ਤੇ ਆਓ।

ਪੁਸਤਕ ਚਰਚਾ -

# ਦਿਸਹੱਦੇ ਤੋਂ ਪਾਰ

ਲੇਖਕ: ਸੋਹਣ ਢੰਡ
ਪ੍ਰਕਾਸ਼ਕ: ਰਵੀ ਸਾਹਿਤ ਪ੍ਰਕਾਸ਼ਨ ਹਾਲ ਬਜ਼ਾਰ ਅੰਮ੍ਰਿਤਸਰ
ਸਫ਼ੇ: 76 ਮੁੱਲ 6 ਰੁਪਏ

ਦਿਸਹੱਦੇ ਤੋਂ ਪਾਰ ਸੋਹਣ ਢੰਡ ਦਾ ਪਹਿਲਾ ਕਾਵਿ ਸੰਗ੍ਰਹਿ ਹੈ। ਇਸ ਵਿਚ ਉਸ ਨੇ ਲੋਕਾਂ, ਉਨ੍ਹਾਂ ਦੀ ਲੁੱਟ ਅਤੇ ਸੰਘਰਸ਼ ਦਾ ਸਪਸ਼ਟ ਅਤੇ ਸੌਖੇ ਢੰਗ ਨਾਲ ਵਰਣਨ ਕੀਤਾ ਹੈ। ਇਹ ਕਵਿਤਾਵਾਂ ਪੜ੍ਹਦਿਆਂ ਪਾਠਕ ਕਵਿਤਾ ਦੇ ਅਰਥ ਲੱਭਣ ਵਿਚ ਗੁਆਚ ਨਹੀਂ ਜਾਂਦਾ, ਸਗੋਂ ਹਰ ਸਤਰ ਦੇ ਅਰਥ ਉਸਦੇ ਸਾਹਮਣੇ ਸਾਫ਼ ਉਭਰਦੇ ਆਉਂਦੇ ਹਨ।

ਆਪਣੀ ਪਹਿਲੀ ਕਵਿਤਾ 'ਦਿਸਹੱਦੇ ਤੋਂ ਪਾਰ' ਵਿਚ ਉਹ ਇਨਕਲਾਬੀ ਦੇ ਔਖੇ ਅਤੇ ਮੁਸ਼ਕਿਲਾਂ ਭਰੇ ਰਾਹ ਉੱਪਰ ਤੁਰਦੇ ਥੱਕ ਚੁੱਕੇ ਅਤੇ ਲੋਕ ਸੰਘਰਸ਼ ਦੀਆਂ ਵਕਤੀ ਹਾਰਾਂ ਕਾਰਨ ਨਿਰਉਤਸ਼ਾਹਿਤ ਹੋਏ ਲੋਕਾਂ ਨੂੰ ਉਨ੍ਹਾਂ ਦੀ ਜਿੱਤ ਬਾਰੇ ਯਕੀਨ ਦੁਆਉਂਦਾ, ਅਗਾਂਹ ਤੁਰਨ ਲਈ ਪ੍ਰੇਰਦਾ ਹੈ:-

ਮੈਨੂੰ ਯਕੀਨ ਹੈ ਉਸ ਦਿਸਹੱਦੇ ਤੋਂ ਪਾਰ
ਸਾਰੀ ਧਰਤੀ ਤੇ ਹਰਿਆਲੀ ਹੋਵੇਗੀ।
ਸਾਰੀ ਧਰਤ ਸਰਸਬਜ਼ ਹੋਵੇਗੀ,
ਇਹ ਕੋਈ ਮ੍ਰਿਗ ਤ੍ਰਿਸ਼ਨਾ ਨਹੀਂ।

ਉਸਨੂੰ ਪਤਾ ਹੈ ਕਿ ਸਰਮਾਏਦਾਰੀ ਰਾਜ ਵਿਚ ਕੁੱਖ ਚ ਪੈਦਿਆਂ ਤੋਂ ਲੈਕੇ ਹਰ ਇਕ ਮਨੁੱਖ ਨੂੰ ਰਾਜ ਦਾ ਜਬਰ ਅਤੇ ਜ਼ੁਲਮ ਸਹਿਣਾ ਪੈਂਦਾ ਹੈ। ਬੱਚੇ ਤੋਂ ਲੈ ਬੁੱਢੇ ਤਕ ਹਰ ਇਸ ਸਮਾਜ ਦੀ ਹਨੇਰਗਰਦੀ ਦਾ ਸ਼ਿਕਾਰ ਹੈ। ਜਿਸਨੂੰ ਉਹ ਇਨ੍ਹਾਂ ਸ਼ਬਦਾਂ ਵਿਚ ਵਰਣਨ ਕਰਦਾ ਹੈ:-

ਹਨੇਰਾ ਤਾਂ ਦੋਸਤੋ ਵਧਦਾ ਹੀ ਜਾ ਰਿਹਾ
ਕਿਸੇ ਨਵ-ਜੰਮੇ ਬਾਲ ਦੇ ਨੈਣਾਂ ਤੋਂ ਲੈ ਕੇ
ਕਿਸੇ ਹੱਡ-ਥੱਕੇ ਬਜ਼ੁਰਗ ਦੇ ਨੈਣਾਂ ਤੱਕ।

ਪਰ ਇਤਿਹਾਸ ਦੱਸਦਾ ਹੈ ਕਿ ਸਰਮਾਏਦਾਰ ਕਦੇ ਵੀ ਮਜ਼ਦੂਰ ਸ਼੍ਰੇਣੀ ਨੂੰ ਦਬਾ ਕੇ ਨਹੀਂ ਰੱਖ ਸਕਿਆ। ਵੱਖ ਵੱਖ ਸਮਿਆਂ ਅਤੇ ਵੱਖ ਵੱਖ ਹਾਲਾਤਾਂ 'ਚ ਲੁੱਟੇ ਜਾਂਦੇ ਲੋਕਾਂ ਵਲੋਂ ਹਾਕਮ ਸ਼੍ਰੇਣੀ ਵਿਰੁਧ ਸੰਘਰਸ਼ ਉਠੇ ਹਨ। ਜਿਨ੍ਹਾਂ ਬਾਰੇ ਸੋਹਣ ਢੰਡ ਪੂਰੀ ਤਰ੍ਹਾਂ ਸੁਚੇਤ ਹੈ।—

ਜਦੋਂ ਵੀ ਮੌਸਮ ਨੂੰ ਅੱਗ ਲੱਗੀ
ਉਦੋਂ ਹੀ ਧਰਤੀ ਗਰਭ ਧਾਰਿਆ
ਸਿਰਲੱਥਾਂ ਨੂੰ ਜੰਮਣ ਦੇ ਲਈ
ਇਤਿਹਾਸ ਨੂੰ ਅੱਗੇ ਤੋਰਨ ਲਈ।

ਇਸ ਵੱਡੀ ਜਾਬਰ ਮਸ਼ੀਨਰੀ ਵਿਰੁਧ ਇੱਕਲੇ ਇੱਕਲੇ ਮਨੁੱਖਾਂ ਵਲੋਂ ਵਿਖਾਇਆ ਰੋਹ ਕੋਈ ਅਰਥ ਨਹੀਂ ਰੱਖਦਾ। ਇਸ ਬਾਰੇ ਉਹ ਬੜੇ ਸਾਧਾਰਣ ਸ਼ਬਦਾਂ ਵਿਚ ਲਿਖਦਾ ਹੈ।

ਇੱਕਲੀ ਦਾਇਰਿਆਂ ਅੰਦਰ ਰਹਿ ਕੇ
ਸਿਰੀ ਜਾਗ ਦੀ ਪੀੜ ਨਾ ਹੋਵੇ।

ਲੋਕਾਂ ਦੀ ਜਿੱਤ ਵਿਚ ਉਸਨੂੰ ਪੂਰਨ ਵਿਸ਼ਵਾਸ਼ ਹੈ:—

ਯਕੀਨ ਹੀ ਜਿੱਤ ਦਾ ਜਨਮ ਹੁੰਦਾ ਹੈ
ਹਨੇਰਾ ਹੀ ਸੂਰਜ ਨੂੰ ਜਨਮ ਦਿੰਦਾ ਹੈ।

ਇਨ੍ਹਾਂ ਸਾਰੀਆਂ ਕਵਿਤਾਵਾਂ ਦੇ ਵਿਸ਼ੇ ਸ਼ਕਤੀਸ਼ਾਲੀ ਹਨ ਅਤੇ ਨਿਤਾ ਖੂਬਸੂਰਤ। ਲੇਖਕ ਇਨ੍ਹਾਂ ਕਵਿਤਾਵਾਂ ਰਾਹੀਂ ਉਹ ਗੱਲ ਕਹਿਣ ਵਿਚ ਪੂਰੀ ਤਰ੍ਹਾਂ ਕਾਮਯਾਬ ਹੈ। ਜਿਹੜੀ ਉਹ ਕਹਿਣੀ ਚਾਹੁੰਦਾ ਹੈ। ਅਤੇ ਅਸੀਂ ਆਸ ਕਰ ਸਕਦੇ ਹਾਂ ਕਿ ਭਵਿੱਖ ਵਿਚ ਸੋਹਣ ਢੰਡ ਲੋਕ ਸਾਹਿਤ ਨੂੰ ਨਰੋਈਆਂ ਰਚਨਾਵਾਂ ਦੇਵੇਗਾ।

— ਸੁਖਦੇਵ ਹੁੰਦਲ


ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਮਾਸਕ-ਪੱਤਰ
**WATNO DUR**
P.O. BOX 67681 STN. "O"
VANCOUVER, B.C. V5W 3V2
Second class mail Reg. No. 3233


# FRONTIER CLOTH HOUSE LTD.

## 6695 MAIN STREET VANCOUVER, B.C.

**THE KING OF SAREE**

**Tel.: 325-3515** **Tel.: 325-4424**




## New Arrivals

**JAPANESE**

*Well Known Brands*
**Printed & Plain Sarees**
**Tetrex, Toyo Rayon**
**Lady Hamilton**
**Rubby Queen**
**Kanebo**
**Teijin**
**Asahikasei**
**Lodestar**
**A-Tell Chiffon, etc.**
**FAIR LADY**




# FRONTIER

## New Arrivals

**INDIAN**

**Embroidery Chiffon**
**Printed Georgette**
**Mysore Silk**
**Surat Silk**
**Binaras Silk**
**Bengal Silk**
**Special Bridal Sarees**
**Kameez, Kurta, Fabrics**
**Blouse & Dress Materials**
**Suiting in Latest Designs**
**Dupatta, Chunni etc.**

## THE FASHION CREATORS

**Drapes Material—Jewellery—Bed Spread— Quilts—Blankets.**


WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2